

**ਵੈੱਬਸਾਈਟ**
ਪੰਜਾਬ ਸਟਾਰ ਇੰਟਰਨੈੱਟ 'ਤੇ ਵੀ ਹਰ ਰੋਜ਼ ਪੜ੍ਹ ਸਕਦੇ ਹੋ
www.punjabstar.com
PUNJAB STAR TV




**ਅੰਦਰਲੀ ਖ਼ਬਰ**
ਪਰਵਾਸੀ ਪੰਜਾਬੀ ਪੈਂਨਸ਼ਨਰਾਂ ਦਾ ਸਲਾਨਾ ਇਜਲਾਸ 22 ਸਤੰਬਰ ਨੂੰ 05

**ਅੰਦਰਲੀ ਖ਼ਬਰ**
ਵੈਨਿਸ (ਇਟਲੀ) ਦਾ ਪੁਰਾਤਨ ਅਤੇ ਇਤਿਹਾਸਕ ਵੇਸਵਾਗਮਨੀ ਖੇਤਰ 07



**ਲੇਖ**
ਕੈਨੇਡਾ 'ਚ ਪੰਜਾਬੀਆਂ ਤੇ ਪੰਜਾਬੀ ਭਾਸ਼ਾ ਦਾ ਮੁੱਢਲਾ ਦੌਰ : ਇਤਿਹਾਸਕ ਪਰਿਪੇਖ 'ਚ



PUNJABSTAR.COM

# ਪੰਜਾਬ ਸਟਾਰ

Phone: 905-673-7666 , Fax: 1-289-206-8611 | 12 ਸਤੰਬਰ ਤੋਂ 18 ਸਤੰਬਰ, 2024 | Email :- editor@punjabstar.com, Vo. 20. Issue:1151


## ਵੀਅਤਨਾਮ 'ਚ ਚੱਕਰਵਾਤ ਕਾਰਨ ਮਰਨ ਵਾਲਿਆਂ ਦੀ ਗਿਣਤੀ ਵੱਧ ਕੇ ਹੋਈ 141



ਹਨੋਈ (ਪੰਜਾਬ ਸਟਾਰ ਬਿਊਰੋ) : ਚੱਕਰਤਾਵੀ ਤੂਫਾਨ 'ਯਾਗੀ' ਕਾਰਨ ਵੀਅਤਨਾਮ ਦੇ ਉੱਤਰੀ ਖੇਤਰ 'ਚ ਅਚਾਨਕ ਹਾਏ ਹੜ੍ਹ 'ਚ ਬੁਧਵਾਰ ਨੂੰ 16 ਹੋਰ ਲੋਕਾਂ ਦੀ ਮੌਤ ਹੋ ਗਈ ਜਿਸ ਨਾਲ ਚੱਕਰਵਾਤ ਨਾਲ ਸਬੰਧਤ ਘਟਨਾਵਾਂ 'ਚ ਮਰਨ ਵਾਲਿਆਂ ਦੀ ਗਿਣਤੀ 141 ਹੋ ਗਈ ਹੈ।

ਵੀਅਤਨਾਮ ਦੇ ਸਰਕਾਰੀ ਪ੍ਰਸਾਰਕ ਵੀ.ਟੀ.ਵੀ. ਨੇ ਦਸਿਆ ਕਿ ਲਾਓ ਕਾਈ ਸੂਬੇ ਵਿਚ ਇਕ ਪਹਾੜ ਤੋਂ ਵਹਿ ਰਹੇ ਹੜ੍ਹ ਦੇ ਪਾਣੀ ਨੇ ਲੈਂਗ ਨੂ ਪਿੰਡ ਨੂੰ ਤਬਾਹ ਕਰ ਦਿਤਾ। ਇਸ ਪਿੰਡ 'ਚ 35 ਪਰਵਾਰ ਰਹਿੰਦੇ ਸਨ। ਚਾਅ ਕਰਮਚਾਰੀਆਂ ਨੇ 16 ਲਾਸ਼ਾਂ ਬਰਾਮਦ ਕੀਤੀਆਂ ਹਨ ਅਤੇ ਲਗਭਗ 40 ਲੋਕਾਂ ਦੀ ਭਾਲ ਜਾਰੀ ਹੈ।

ਰੀਪੋਰਟ ਵਿਚ ਕਿਹਾ ਗਿਆ ਹੈ ਕਿ ਮੀਂਹ ਕਾਰਨ ਹੜ੍ਹ ਅਤੇ ਜ਼ਮੀਨ ਖਿਸਕਣ ਨਾਲ ਬਾਕੀ ਸਫਾ 2 'ਤੇ

## ਅਗਲੇ 25 ਸਾਲਾਂ 'ਚ ਇੱਕ ਹੋਰ ਮਹਾਂਮਾਰੀ ਹੋਣ ਦੀ ਸੰਭਾਵਨਾ ਹੈ : ਬਿਲ ਗੇਟਸ



(ਪੰਜਾਬ ਸਟਾਰ ਬਿਊਰੋ)
ਬਿਲ ਗੇਟਸ, ਇੱਕ ਅਰਬਪਤੀ ਅਤੇ ਦੁਨੀਆ ਦੇ ਸਭ ਤੋਂ ਵੱਡੇ ਪਰਉਪਕਾਰੀ ਲੋਕਾਂ ਵਿੱਚੋਂ ਇੱਕ, ਲੋਕਾਂ ਨੂੰ ਜਲਵਾਯੂ ਤਬਦੀਲੀ ਅਤੇ ਸਾਈਬਰ ਹਮਲਿਆਂ ਦੇ ਖ਼ਤਰੇ ਵਰਗੇ ਮੁੱਦਿਆਂ ਬਾਰੇ ਵਾਰ-ਵਾਰ ਚੇਤਾਵਨੀ ਦਿੰਦਾ ਹੈ। ਹਾਲਾਂਕਿ, ਉਸਨੇ ਹੁਣ ਖੁਲਾਸਾ ਕੀਤਾ ਹੈ ਕਿ ਦੋ ਸੰਕਟ ਜੋ ਉਸਨੂੰ ਸਭ ਤੋਂ ਵੱਧ ਚਿੰਤਾ ਕਰਦੇ ਹਨ ਉਹ ਯੁੱਧ ਅਤੇ ਮਹਾਂਮਾਰੀ ਹਨ।

ਮਾਈਕ੍ਰੋਸਾਫਟ ਦੇ ਸਹਿ-ਸੰਸਥਾਪਕ ਬਿਲ ਗੇਟਸ ਨੇ ਕਿਹਾ ਕਿ ਮੌਜੂਦਾ ਗਲੋਬਲ ਅਸ਼ਾਂਤੀ ਜਲਦੀ ਹੀ ਇੱਕ ਵੱਡੀ ਜੰਗ ਵਿੱਚ ਬਦਲ ਸਕਦੀ ਹੈ। ਉਸਨੇ ਫਿਰ ਕਿਹਾ, "ਅਸੀਂ ਅਜੇ ਵੀ ਇਸ ਤੋਂ ਬਚ ਸਕਦੇ ਹਾਂ, ਬਾਕੀ ਸਫਾ 2 'ਤੇ

### ਰਾਸ਼ਟਰਪਤੀ ਬਹਿਸ

## ਕਮਲਾ ਹੈਰਿਸ ਦਾ ਪੱਖ ਟਰੰਪ ਦੇ ਮੁਕਾਬਲੇ ਜ਼ਿਆਦਾ ਮਜ਼ਬੂਤ ਰਿਹਾ



ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ

ਵਾਸ਼ਿੰਗਟਨ : ਨਵੰਬਰ 'ਚ ਹੋਣ ਵਾਲੀਆਂ ਅਮਰੀਕੀ ਰਾਸ਼ਟਰਪਤੀ ਚੋਣਾਂ ਤੋਂ ਕੁਝ ਹਫਤੇ ਪਹਿਲਾਂ ਬੁੱਧਵਾਰ ਨੂੰ ਰਿਪਬਲਿਕਨ ਅਤੇ ਡੈਮੋਕ੍ਰੇਟਿਕ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰ ਡੋਨਾਲਡ ਟਰੰਪ ਅਤੇ ਕਮਲਾ ਹੈਰਿਸ ਵਿਚਾਲੇ ਪਹਿਲੀ ਰਾਸ਼ਟਰਪਤੀ ਬਹਿਸ ਦੇਖਣ ਨੂੰ ਮਿਲੀ। ਇਸ ਬਹਿਸ ਦੀ ਅਮਰੀਕਾ ਸਮੇਤ ਪੂਰੀ ਦੁਨੀਆ ਵਿਚ ਚਰਚਾ ਹੈ ਅਤੇ ਲੋਕ ਇਹ ਫੈਸਲਾ ਕਰਨ ਵਿਚ ਰੁੱਝੇ ਹੋਏ ਹਨ ਕਿ ਬਹਿਸ ਦੌਰਾਨ ਕਿਸ ਦਾ ਪਲੜਾ ਭਾਰੀ ਰਿਹਾ ਤੇ ਕੌਣ ਜੇਤੂ ਰਿਹਾ।

ਅਮਰੀਕਾ ਦੀਆਂ ਜ਼ਿਆਦਾਤਰ ਅਖਬਾਰਾਂ ਤੇ ਨਿਊਜ਼ ਵੈੱਬਸਾਈਟਾਂ ਆਪਣੇ ਵਿਸ਼ਲੇਸ਼ਣ ਵਿਚ ਉਪ ਰਾਸ਼ਟਰਪਤੀ ਕਮਲਾ ਹੈਰਿਸ ਨੂੰ ਬਹਿਸ ਦੀ ਜੇਤੂ ਕਰਾਰ ਦੇ ਰਹੀਆਂ ਹਨ। ਨਿਊਯਾਰਕ ਟਾਈਮਜ਼ ਨੇ ਲਿਖਿਆ ਕਿ ਕਮਲਾ ਹੈਰਿਸ ਨੇ ਪੂਰੀ ਬਹਿਸ 'ਤੇ ਆਪਣਾ ਕੰਟਰੋਲ ਬਣਾਈ ਰੱਖਿਆ ਅਤੇ ਅਜਿਹੀ ਸਥਿਤੀ ਪੈਦਾ ਕੀਤੀ ਕਿ ਟਰੰਪ ਪੂਰੀ ਬਹਿਸ ਦੌਰਾਨ ਰੱਖਿਆਤਮਕ ਮੋਡ 'ਚ ਰਹੇ। ਅਖਬਾਰ ਨੇ ਲਿਖਿਆ ਕਿ ਬਹਿਸ ਦੌਰਾਨ ਜਦੋਂ ਹੈਰਿਸ ਤੇਜ਼ੀ ਨਾਲ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਆਪਣੇ ਵਿਚਾਰ ਪੇਸ਼ ਕਰ ਰਹੇ ਸਨ ਤਾਂ ਟਰੰਪ ਗੁੱਸੇ 'ਚ ਨਜ਼ਰ ਆਏ ਅਤੇ ਰੱਖਿਆਤਮਕ ਹੁੰਦੇ ਦਿਖੇ।

ਅਖਬਾਰ ਨੇ ਲਿਖਿਆ, 'ਹੈਰਿਸ ਸਪੱਸ਼ਟ ਅਤੇ ਸਟੀਕ ਸੰਦੇਸ਼ ਦੇਣ 'ਚ ਸਫਲ ਰਹੇ। ਟਰੰਪ ਗੁੱਸੇ ਵਿਚ ਅਤੇ ਰੱਖਿਆਤਮਕ ਨਜ਼ਰ ਆਏ। ਜਦੋਂ ਕਿ ਹੈਰਿਸ ਨੇ ਟਰੰਪ ਨੂੰ ਅਰਬਪਤੀਆਂ ਅਤੇ ਵੱਡੀਆਂ ਕੰਪਨੀਆਂ ਦੇ ਦੋਸਤ ਵਜੋਂ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਜੋ ਮੱਧ ਵਰਗ ਨੂੰ ਲੁੱਟਣਗੇ, ਟਰੰਪ ਨੇ ਹੈਰਿਸ ਨੂੰ ਇੱਕ ਨੀਤੀਗਤ ਕਮਜ਼ੋਰ ਵਿਅਕਤੀ ਬਾਕੀ ਸਫਾ 2 'ਤੇ

## ਕੈਨੇਡਾ ਵਿਚ ਚੁਫੇਰਿਉਂ ਘਿਰਿਆ ਸਿੱਖ ਆਗੂ




ਟੋਰਾਂਟੋ (ਪੰਜਾਬ ਸਟਾਰ ਬਿਊਰੋ) : ਕੈਨੇਡਾ ਵਿਚ ਸਿਆਸੀ ਉਥਲ-ਪੁਥਲ ਦਰਮਿਆਨ ਹਰ ਛੋਟਾ-ਵੱਡਾ ਆਗੂ ਜਗਮੀਤ ਸਿੰਘ ਨੂੰ ਨਿਸ਼ਾਨਾ ਬਣਾ ਰਿਹਾ ਹੈ। ਜੀ ਹਾਂ, ਉਨਟਾਰੀਓ ਦੇ ਪ੍ਰੀਮੀਅਰ ਡਗ ਫੋਰਡ ਨੇ ਐਨ.ਡੀ.ਪੀ. ਆਗੂ ਜਗਮੀਤ ਸਿੰਘ ਨੂੰ ਲਾਲਚੀ ਕਰਾਰ ਦਿਤਾ ਹੈ ਜੋ ਸੰਭਾਵਤ ਤੌਰ 'ਤੇ ਪੈਨਸ਼ਨ ਦੇ ਲਾਲਚ ਵਿਚ ਟਰੂਡੋ ਸਰਕਾਰ ਦਾ ਸਾਥ ਦੇ ਰਹੇ ਹਨ। ਡਗ ਫੋਰਡ ਨੇ ਜਗਮੀਤ ਸਿੰਘ 'ਤੇ ਲੋਕਾਂ ਨੂੰ ਮੂਰਖ ਬਣਾਉਣ ਦਾ ਦੋਸ਼ ਵੀ ਲਾਇਆ। ਜਗਮੀਤ ਸਿੰਘ ਭਾਵੇਂ ਟਰੂਡੋ ਸਰਕਾਰ ਤੋਂ ਹਮਾਇਤ ਵਾਪਸ ਲੈ ਚੁੱਕੇ ਹਨ ਪਰ ਟੋਰੀ ਆਗੂਆਂ ਦਾ ਮੰਨਣਾ ਹੈ ਕਿ ਹੁਣ ਉਹ ਘੱਟ ਗਿਣਤੀ ਲਿਬਰਲ ਸਰਕਾਰ ਨੂੰ ਡੇਗਣ ਵਿਚ ਵੀ ਅੱਗੇ ਹੋ ਕੇ ਬਾਕੀ ਸਫਾ 2 'ਤੇ

## ਕੈਨੇਡਾ ਦੇ ਸਟੱਡੀ ਵੀਜ਼ਾ ਦੀ ਉਡੀਕ ਕਰ ਰਹੇ ਭਾਰਤੀ ਵਿਦਿਆਰਥੀਆਂ ਨੂੰ ਵੱਡਾ ਝਟਕਾ



ਟੋਰਾਂਟੋ (ਪੰਜਾਬ ਸਟਾਰ ਬਿਊਰੋ) – ਕੈਨੇਡਾ ਵਿਚ ਪੜ੍ਹਨ ਦੇ ਚਾਹਵਾਨ ਭਾਰਤੀ ਵਿਦਿਆਰਥੀਆਂ ਲਈ ਅਹਿਮ ਖ਼ਬਰ ਹੈ। ਜੇਕਰ ਤੁਸੀਂ ਉਚੇਰੀ ਪੜ੍ਹਾਈ ਲਈ ਵਿਦੇਸ਼ ਜਾਣਾ ਚਾਹੁੰਦੇ ਹੋ ਅਤੇ ਕੈਨੇਡਾ ਜਾ ਕੇ ਪੜ੍ਹਾਈ ਕਰਨ ਦਾ ਸੁਪਨਾ ਵੀ ਰੱਖਦੇ ਹੋ ਤਾਂ ਸ਼ਾਇਦ ਇਹ ਸੁਪਨਾ ਇਸ ਸਾਲ ਪੂਰਾ ਨਾ ਹੋ ਸਕੇ। ਕੈਨੇਡਾ ਨੇ ਵੀ ਵਿਦਿਆਰਥੀ ਵੀਜ਼ਾ ਲਈ ਨਿਯਮ ਸਖ਼ਤ ਕਰ ਦਿੱਤੇ ਹਨ ਅਤੇ ਉਹ ਪਿਛਲੇ ਸਾਲਾਂ ਦੇ ਮੁਕਾਬਲੇ ਇਸ ਸਾਲ ਬਹੁਤ ਘੱਟ ਵਿਦਿਆਰਥੀ ਬਾਕੀ ਸਫਾ 2 'ਤੇ

## ਪ੍ਰਵਾਸੀਆਂ ਨਾਲ ਭਰੀ ਕਿਸ਼ਤੀ ਡੁੱਬੀ, 26 ਲੋਕਾਂ ਦੀ ਮੌਤ



(ਪੰਜਾਬ ਸਟਾਰ ਬਿਊਰੋ)
ਅੱਜ ਕੱਲ ਪ੍ਰਵਾਸੀਆਂ ਨਾਲ ਭਰੀ ਕਿਸ਼ਤੀਆਂ ਦੇ ਪਲਟਣ ਦੇ ਮਾਮਲੇ ਦਿਨੋਂ-ਦਿਨ ਸਾਹਮਣੇ ਹੀ ਆਉਂਦੇ ਜਾ ਰਹੇ ਹਨ। ਦੱਸ ਦਈਏ ਕਿ ਅਜਿਹਾ ਹੀ ਇਕ ਹੋਰ ਮਾਮਲਾ ਸਾਹਮਣੇ ਆਇਆ ਹੈ ਜੋ ਸੇਨੇਗਲ ਸ਼ਹਿਰ 'ਚ ਹੋਇਆ ਹੈ। ਸੂਤਰਾਂ ਤੋਂ ਮਿਲੀ ਰਿਪੋਰਟ ਅਨੁਸਾਰ ਕਿਹਾ ਗਿਆ ਹੈ ਕਿ ਐਤਵਾਰ ਨੂੰ ਸੇਨੇਗਲ ਦੇ ਐਂਬੋਰ ਸ਼ਹਿਰ ਨਾਲ ਪ੍ਰਵਾਸੀਆਂ ਨਾਲ ਭਰੀ ਇਕ ਕਿਸ਼ਤੀ ਰਵਾਨਾ ਹੋਈ ਅਤੇ ਲਗਭਗ 4 ਕਿਲੋਮੀਟਰ ਦਾ ਸਫਰ ਤੈਅ ਕਰਨ ਦੇ ਬਾਅਦ ਹੀ ਡੁੱਬ ਗਈ। ਦੱਸ ਦਈਏ ਕਿ ਕਿਸ਼ਤੀ ਲਕੜੀ ਨਾਲ ਬਣੀ ਹੋਈ ਸੀ ਅਤੇ ਉਸ 'ਚ 100 ਤੋਂ ਵੱਧ ਪ੍ਰਵਾਸੀ ਸਵਾਰ ਸਨ ਜਿਨ੍ਹਾਂ 'ਚੋਂ 26 ਲੋਕਾਂ ਦੀ ਮੌਤ ਹੋ ਗਈ ਜਦਕਿ ਅਜੇ ਤੱਕ 17 ਲਾਸ਼ਾਂ ਹੀ ਬਰਾਮਦ ਹੋਈਆਂ ਹਨ। ਇਸ ਦੌਰਾਨ ਸੇਨੇਗਲ ਦੀ ਨੇਵੀ ਨੇ ਇਸ ਹਾਦਸੇ ਬਾਕੀ ਸਫਾ 2 'ਤੇ

## ਅਮਰੀਕਾ ਨੂੰ ਚੀਨ ਦੀ ਖੁੱਲ੍ਹੀ ਧਮਕੀ

### ਕਿਹਾ– ਅਜਿਹਾ ਕੀਤਾ ਤਾਂ ਰਗੜ ਕੇ ਰੱਖ ਦਿਆਂਗੇ



ਬੀਜਿੰਗ (ਪੰਜਾਬ ਸਟਾਰ ਬਿਊਰੋ) : ਚੀਨ ਨੇ ਅਮਰੀਕਾ ਨੂੰ ਖੁੱਲ੍ਹੇਆਮ ਧਮਕੀ ਦਿੱਤੀ ਹੈ ਕਿ ਜੇਕਰ ਉਸ ਨੇ ਦੱਖਣੀ ਚੀਨ ਸਾਗਰ 'ਚ ਆਪਣੇ ਮੋਹਰਿਆਂ ਨੂੰ ਅੱਗੇ ਵਧਾਉਣ ਦੀ ਕੋਸ਼ਿਸ਼ ਕੀਤੀ ਤਾਂ ਇਸ ਦੇ ਨਤੀਜੇ ਭਿਆਨਕ ਹੋਣਗੇ। ਜੋ ਵੀ ਚੀਨੀ ਫੌਜ ਦੇ ਸਾਹਮਣੇ ਆਵੇਗਾ ਉਸਨੂੰ ਕੁਚਲ ਦਿੱਤਾ ਜਾਵੇਗਾ। ਚੀਨ ਦੀ ਰਾਜਧਾਨੀ ਬੀਜਿੰਗ ਵਿੱਚ ਇੱਕ ਫੌਜੀ ਰੱਖਿਆ ਫੋਰਮ ਦੇ ਇੱਕ ਸੀਨੀਅਰ ਫੌਜੀ ਅਧਿਕਾਰੀ ਨੇ ਕਿਹਾ ਕਿ ਚੀਨ ਦੱਖਣੀ ਚੀਨ ਸਾਗਰ ਸਮੇਤ ਆਪਣੇ ਖੇਤਰ ਵਿੱਚ ਕਿਸੇ ਵੀ ਵਿਦੇਸ਼ੀ ਕਾਰਵਾਈ ਨੂੰ ਬਰਦਾਸ਼ਤ ਨਹੀਂ ਕਰੇਗਾ। ਅਸੀਂ ਕਿਸੇ ਵੀ ਘੁਸਪੈਠ ਵਾਲੀ ਤਾਕਤ ਨੂੰ ਬਾਕੀ ਸਫਾ 2 'ਤੇ

## ਇਜ਼ਰਾਈਲ ਦੇ ਹਵਾਈ ਹਮਲਿਆਂ 'ਚ 25 ਫ਼ਲਸਤੀਨੀ ਹਲਾਕ



ਯੇਰੂਸ਼ਲਮ (ਪੰਜਾਬ ਸਟਾਰ ਬਿਊਰੋ) : ਫ਼ਲਸਤੀਨੀ ਇਲਾਕਿਆਂ 'ਚ ਇਜ਼ਰਾਈਲ ਵੱਲੋਂ ਕੀਤੇ ਹਵਾਈ ਹਮਲਿਆਂ 'ਚ 25 ਵਿਅਕਤੀ ਮਾਰੇ ਗਏ। ਇਨ੍ਹਾਂ 'ਚੋਂ ਪੰਜ ਫਲਸਤੀਨੀ ਪੱਛਮੀ ਕੰਢੇ ਅਤੇ 20 ਗਾਜ਼ਾ ਪੱਟੀ 'ਚ ਹਲਾਕ ਹੋਏ ਹਨ। ਗਾਜ਼ਾ ਦੇ ਸਿਹਤ ਮੰਤਰਾਲੇ ਨੇ ਕਿਹਾ ਕਿ ਟੈਂਟ ਕੈਂਪ 'ਤੇ ਹੋਏ ਹਮਲੇ 'ਚ 19 ਵਿਅਕਤੀ ਮਾਰੇ ਗਏ ਸਨ। ਉਨ੍ਹਾਂ ਕਿਹਾ ਕਿ ਇਜ਼ਰਾਈਲ-ਹਮਾਸ ਜੰਗ 'ਚ ਹੁਣ ਤੱਕ 40 ਹਜ਼ਾਰ ਤੋਂ ਵਧ ਫਲਸਤੀਨੀ ਹਲਾਕ ਹੋ ਚੁੱਕੇ ਹਨ। ਇਜ਼ਰਾਈਲ ਨੇ ਕਿਹਾ ਹੈ ਕਿ ਉਸ ਨੇ ਸਿਰਫ਼ ਅਤਿਵਾਦੀਆਂ ਨੂੰ ਨਿਸ਼ਾਨਾ ਬਣਾਇਆ ਹੈ ਬਾਕੀ ਸਫਾ 2 'ਤੇ





ਟੈਲੀਵਿਜ਼ਨ ਚੈਨਲ ਲਈ ਐਂਕਰ/ਮਾਰਕੀਟਿੰਗ ਸਟਾਫ਼ ਦੀ ਲੋੜ ਹੈ
ਮਿਸੀਸਾਗਾ ਸਥਿਤ ਟੈਲੀਵਿਜ਼ਨ ਚੈਨਲ ਨੂੰ ਐਂਕਰ (ਹੋਸਟ) ਅਤੇ ਮਾਰਕੀਟਿੰਗ ਲਈ ਲੜਕੇ/ਲੜਕੀਆਂ ਦੀ ਲੋੜ ਹੈ, ਵਧੇਰੇ ਜਾਣਕਾਰੀ ਲਈ
905-673-7666 'ਤੇ ਸੰਪਰਕ ਕਰ ਸਕਦੇ ਹਨ। ਤੁਸੀਂ ਚੰਗੇ ਪੈਸੇ ਬਣਾ ਸਕਦੇ ਹੋ।

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ



ਕਰਜ਼ੇ ਦੀ ਸਿਰਦਰਦੀ ?
www.MakeMeDebtFree.ca

- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?

ਮੁਫਤ ਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਸਿੰਘ ਹੁੰਦਲ ਨੂੰ ਕਾਲ ਕਰੋ
416-502-3100

ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
Late Evening and Weekends Appointments Available 1888-864-3131



Jasbir Singh Hundal
Registered Credit Counsellor
Unit #20 - 7015 Tranmere Drive, Mississauga, ON, L5S 1T7

A-One Truck & Trailer Repair
Specialist in Engine & Differential rebuilt
ਟਰੱਕਾਂ ਦੀ ਹਰ ਤਰ੍ਹਾਂ ਦੀ ਰਿਪੇਅਰ ਲਈ ਪਹੁੰਚੋ
647-808-9569, 416-388-1605
ਵਾਜ਼ਬ ਕੀਮਤ ਵਧੀਆ ਸਰਵਿਸ
1246 Aimco Blvd, Mississauga, ON L4W 1B2





Gill Tire Centre
ਟਰੱਕਾਂ ਦੇ ਟਾਇਰ ਵਾਜ਼ਬ ਕੀਮਤਾਂ ਵਿੱਚ ਲੈਣ ਲਈ ਪਹੁੰਚੋ ਗਿੱਲ ਟਾਇਰ ਸੈਂਟਰ
1246 Aimco Blvd, Mississauga, ON L4W 1B2
647-808-9569, 416-388-1605



Harjit Brar
Sales Representative
416-417-6010

FOR ALL YOUR REAL ESTATE NEEDS



ਕਿਸੇ ਤਰ੍ਹਾਂ ਦੀ ਵੀ ਪ੍ਰੌਪਰਟੀ ਖਰੀਦਣ ਜਾਂ ਵੇਚਣ ਲਈ ਜ਼ਰੂਰ ਸੰਪਰਕ ਕਰੋ
HOMELIFE
HIGHER STANDARDS
HOMELIFE MAPLE LEAF REALTY LTD., BROKERAGE
Independently Owned and Operated
Ph: 905-456-9090



Vik Mehmi
Broker
416-500-6262

# ਕਿਮ ਵੱਲੋਂ ਪ੍ਰਮਾਣੂ ਸ਼ਕਤੀ ਯੁੱਧ ਲਈ ਤਿਆਰੀ ਦਾ ਅਹਿਦ



ਸਿਓਲ : ਉੱਤਰੀ ਕੋਰੀਆ ਦੇ ਨੇਤਾ ਕਿਮ ਜੋਂਗ ਉਨ ਨੇ ਅਮਰੀਕਾ ਅਤੇ ਉਸ ਦੇ ਸਹਿਯੋਗੀਆਂ ਨਾਲ ਯੁੱਧ ਲਈ ਆਪਣੀ ਪਰਮਾਣੂ ਸ਼ਕਤੀ ਨੂੰ ਪੂਰੀ ਤਰ੍ਹਾਂ ਤਿਆਰ ਕਰਨ ਦੀਆਂ ਕੋਸ਼ਿਸ਼ਾਂ ਨੂੰ ਦੁੱਗਣਾ ਕਰਨ ਦਾ ਅਹਿਦ ਲਿਆ ਹੈ। ਸਰਕਾਰੀ ਮੀਡੀਆ ਵਿੱਚ ਅੱਜ ਇਹ ਜਾਣਕਾਰੀ ਦਿੱਤੀ ਗਈ ਹੈ। ਉੱਤਰੀ ਕੋਰੀਆ ਨੇ ਨਵੇਂ 'ਪਲੇਟਫਾਰਮ' ਦਾ ਖੁਲਾਸਾ ਕੀਤਾ ਹੈ, ਜੋ ਅਮਰੀਕਾ ਦੀ ਧਰਤੀ ਨੂੰ ਨਿਸ਼ਾਨਾ ਬਣਾਉਣ ਵਿੱਚ ਸਮਰੱਥ ਹੋਰ ਸ਼ਕਤੀਸ਼ਾਲੀ ਅੰਤਰ-ਮਹਾਂਦੀਪੀ ਬੈਲਿਸਟਿਕ ਮਿਜ਼ਾਈਲਾਂ ਨੂੰ ਦਾਗ਼ਣ ਲਈ ਬਣਾਇਆ ਗਿਆ ਹੈ।

ਕਿਮ ਦੀ ਇਹ ਧਮਕੀ ਅਜਿਹੇ ਸਮੇਂ ਆਈ ਹੈ, ਜਦੋਂ ਮਾਹਿਰਾਂ ਦਾ ਮੰਨਣਾ ਹੈ ਕਿ ਨਵੰਬਰ 'ਚ ਹੋਣ ਵਾਲੀਆਂ ਅਮਰੀਕੀ ਰਾਸ਼ਟਰਪਤੀ ਚੋਣਾਂ ਤੋਂ ਪਹਿਲਾਂ ਦੱਖਣੀ ਕੋਰੀਆ ਭੜਕਾਹਟ ਵਜੋਂ ਹਥਿਆਰਾਂ ਦਾ ਪ੍ਰੀਖਣ ਕਰੇਗਾ। ਹਾਲ ਹੀ ਵਿੱਚ ਉੱਤਰੀ ਕੋਰੀਆ ਨੇ ਦੱਖਣੀ ਕੋਰੀਆ ਵੱਲ ਕੂੜਾ ਲਿਜਾਣ ਵਾਲੇ ਗੁਬਾਰੇ ਛੱਡਣੇ ਵੀ ਸ਼ੁਰੂ ਕਰ ਦਿੱਤੇ ਹਨ। ਆਪਣੀ ਸਰਕਾਰ ਦੀ ਸਥਾਪਨਾ ਦੀ 76ਵੀਂ ਵਰ੍ਹੇਗੰਢ ਮੌਕੇ 'ਤੇ ਦਿੱਤੇ ਭਾਸ਼ਣ ਵਿੱਚ ਕਿਮ ਨੇ ਕਿਹਾ ਕਿ ਉੱਤਰੀ ਕੋਰੀਆ ਨੂੰ 'ਗੰਭੀਰ ਖ਼ਤਰਾ' ਹੈ। ਉਨ੍ਹਾਂ ਨੇ ਅਮਰੀਕਾ ਦੀ ਅਗਵਾਈ ਵਾਲੇ ਖੇਤਰੀ ਫੌਜੀ ਗੱਠਜੋੜ ਨੂੰ ਪਰਮਾਣੂ ਅਧਾਰਤ ਗੱਠਜੋੜ ਵਿੱਚ ਤਬਦੀਲ ਹੋਣ ਵਾਲਾ ਕਰਾਰ ਦਿੱਤਾ। ਅਧਿਕਾਰਤ 'ਕੋਰੀਅਨ ਸੈਂਟਰਲ ਨਿਊਜ਼ ਏਜੰਸੀ' (ਕੇਸੀਐੱਨਏ) ਮੁਤਾਬਕ, ਕਿਮ ਨੇ ਕਿਹਾ ਕਿ ਇਸ ਤਰ੍ਹਾਂ ਦਾ ਘਟਨਾਕ੍ਰਮ ਉੱਤਰੀ ਕੋਰੀਆ ਨੂੰ ਆਪਣੀ ਫੌਜੀ ਸਮਰੱਥਾ ਵਧਾਉਣ ਲਈ ਮਜਬੂਰ ਕਰਦਾ ਹੈ।

# ਚੰਡੀਗੜ੍ਹ ਗਰਨੇਡ ਧਮਾਕਾ: ਸ਼ੱਕੀਆਂ ਦੀ ਸੂਚਨਾ ਦੇਣ 'ਤੇ 2 ਲੱਖ ਰੁਪਏ ਦਾ ਇਨਾਮ ਐਲਾਨਿਆ



ਚੰਡੀਗੜ੍ਹ ਪੁਲੀਸ ਨੇ ਬੰਬ ਧਮਾਕੇ ਦੇ ਮਾਮਲੇ ਵਿਚ ਸ਼ਾਮਲ ਹੋਰ ਦੋ ਸ਼ੱਕੀਆਂ ਦੀ ਗ੍ਰਿਫ਼ਤਾਰੀ ਲਈ ਸੂਚਨਾ ਦੇਣ ਵਾਲੇ ਨੂੰ 2 ਲੱਖ ਰੁਪਏ ਦੇ ਇਨਾਮ ਦਾ ਐਲਾਨ ਕੀਤਾ ਹੈ। ਪੁਲੀਸ ਅਧਿਕਾਰੀਆਂ ਨੇ ਦੱਸਿਆ ਕਿ ਚੰਡੀਗੜ੍ਹ ਦੇ ਸੈਕਟਰ 10 ਖੇਤਰ ਦੇ ਇੱਕ ਘਰ ਵਿੱਚ ਬੁੱਧਵਾਰ ਸ਼ਾਮ ਨੂੰ ਇੱਕ ਧਮਾਕਾ ਹੋਇਆ, ਜਿਸ ਨਾਲ ਰਿਹਾਇਸ਼ੀ ਖੇਤਰ ਦੀਆਂ ਖਿੜਕੀਆਂ ਅਤੇ ਫੁੱਲਾਂ ਦੇ ਗਮਲਿਆਂ ਨੂੰ ਨੁਕਸਾਨ ਪਹੁੰਚਿਆ। ਇਸ ਧਮਾਕੇ ਵਿਚ ਸ਼ਾਮਲ ਦੋ ਸ਼ੱਕੀ ਵਿਅਕਤੀਆਂ ਦੀ ਗ੍ਰਿਫ਼ਤਾਰੀ ਲਈ ਕੋਈ ਵੀ ਸੂਚਨਾ ਦੇਣ ਲਈ 2 ਲੱਖ ਰੁਪਏ ਦੇ ਇਨਾਮ ਦਾ ਐਲਾਨ ਕੀਤਾ ਹੈ। ਜਿਸ ਦੀ ਸੂਚਨਾ ਦੇਣ ਲਈ ਕੰਟਰੋਲ ਰੂਮ ਨੰਬਰ 0172-2749194 ਜਾਂ 112 ਅਤੇ ਵਟਸਐਪ ਨੰਬਰ 9465121000 'ਤੇ ਦਿੱਤੀ ਜਾ ਸਕਦੀ ਹੈ।

ਸਬ-ਇੰਸਪੈਕਟਰ ਲਖਵਿੰਦਰ ਸਿੰਘ ਨੇ ਦੱਸਿਆ ਕਿ ਮਾਮਲੇ ਦੀ ਜਾਂਚ ਜਾਰੀ ਹੈ ਅਤੇ ਕੇਂਦਰੀ ਫੋਰੈਂਸਿਕ ਸਾਇੰਸ ਲੈਬਾਰਟਰੀ ਦੀ ਟੀਮ ਅੱਜ ਵੀ ਘਟਨਾ ਵਾਲੀ ਥਾਂ 'ਤੇ ਜਾਂਚ ਕਰੇਗੀ। ਉਨ੍ਹਾਂ ਕਿਹਾ ਕਿ ਸਬੂਤਾਂ ਦੀ ਸੁਰੱਖਿਆ ਲਈ ਫੋਰਸ ਤੈਨਾਤ ਕੀਤੀ ਗਈ ਹੈ। ਅਧਿਕਾਰੀ ਨੇ ਦੱਸਿਆ ਕਿ ਬੀਤੀ ਰਾਤ ਹਨੇਰਾ ਹੋਣ ਕਾਰਨ ਜਾਂਚ ਪੂਰੀ ਨਹੀਂ ਹੋ ਸਕੀ, ਇੱਕ ਥ੍ਰੀ-ਵ੍ਹੀਲਰ ਬਰਾਮਦ ਕੀਤਾ ਗਿਆ ਹੈ, ਪਰ ਮੁਲਜ਼ਮ ਅਜੇ ਤੱਕ ਫੜੇ ਨਹੀਂ ਗਏ ਹਨ ਅਤੇ ਜਾਂਚ ਜਾਰੀ ਹੈ। ਜਾਣਕਾਰੀ ਅਨੁਸਾਰ ਉਥੇ ਰਹਿ ਰਹੇ ਪਰਿਵਾਰ ਦਾ ਕਿਸੇ ਨਾਲ ਕੋਈ ਮਸਲਾ ਨਹੀਂ ਹੈ, ਉਹ ਆਸਟ੍ਰੇਲੀਆ ਵਿਚ ਰਹਿੰਦੇ ਹਨ। ਇਹ ਸ਼ੱਕੀ ਧਮਾਕਾ ਸਬੰਧਤ ਘਰ 'ਚ ਪਹਿਲਾਂ ਰਹਿ ਰਹੇ ਅਧਿਕਾਰੀ ਦੇ ਪਰਿਵਾਰ ਨਾਲ ਜੁੜੇ ਹੋਣ ਬਾਰੇ ਪੁੱਛੇ ਗਏ ਸਵਾਲ ਦੇ ਜਵਾਬ ਵਿਚ ਉਨ੍ਹਾਂ ਕਿਹਾ ਕਿ ਇਸ ਦੀ ਜਾਂਚ ਕੀਤੀ ਜਾਵੇਗੀ।

# ਪੇਜ ਇੱਕ ਦੀ ਬਾਕੀ

## ਵੀਅਤਨਾਮ 'ਚ ਚੱਕਰਵਾਤ...

ਜੁੜੀਆਂ ਘਟਨਾਵਾਂ ਵਿਚ ਮਰਨ ਵਾਲਿਆਂ ਦੀ ਗਿਣਤੀ ਵੱਧ ਕੇ 141 ਹੋ ਗਈ ਹੈ, ਜਦਕਿ 69 ਲੋਕ ਲਾਪਤਾ ਹਨ ਅਤੇ ਸੈਂਕੜੇ ਜ਼ਖਮੀ ਹਨ। ਤੂਫਾਨ 'ਯਾਗੀ' ਦਹਾਕਿਆਂ 'ਚ ਵੀਅਤਨਾਮ 'ਚ ਆਉਣ ਵਾਲਾ ਸੱਭ ਤੋਂ ਸ਼ਕਤੀਸ਼ਾਲੀ ਤੂਫਾਨ ਹੈ। ਇਹ ਸਨਿਚਰਵਾਰ ਨੂੰ 149 ਕਿਲੋਮੀਟਰ ਪ੍ਰਤੀ ਘੰਟੇ ਦੀ ਰਫਤਾਰ ਨਾਲ ਤੱਟ ਨਾਲ ਟਕਰਾਇਆ।

## ਅਗਲੇ 25 ਸਾਲਾਂ 'ਚ...

ਪਰ ਅਗਲੇ 25 ਸਾਲਾਂ ਵਿੱਚ ਇੱਕ ਹੋਰ ਮਹਾਂਮਾਰੀ ਹੋਣ ਦੀ ਸੰਭਾਵਨਾ ਹੈ।" ਭਵਿੱਖੀ ਮਹਾਂਮਾਰੀ ਦੌਰਾਨ ਬਿਲ ਗੇਟਸ ਲਈ ਮੁੱਖ ਸਵਾਲ ਇਹ ਹੋਵੇਗਾ ਕਿ ਕੀ ਵਿਸ਼ਵ ਕੋਵਿਡ-19 ਵਰਗੇ ਖ਼ਤਰੇ ਲਈ ਪਹਿਲਾਂ ਨਾਲੋਂ ਬਿਹਤਰ ਤਿਆਰ ਹੈ।

ਬਿਲ ਗੇਟਸ ਨੇ ਛੰਭਛ ਨੂੰ ਅਮਰੀਕਾ ਦੇ ਜਵਾਬ 'ਤੇ ਕਿਹਾ, "ਜਿਸ ਦੇਸ਼ ਦੀ ਅਗਵਾਈ ਕਰਨ ਅਤੇ ਦੁਨੀਆ ਲਈ ਇੱਕ ਮਾਡਲ ਬਣਨ ਦੀ ਉਮੀਦ ਕੀਤੀ ਜਾਂਦੀ ਸੀ, ਉਹ ਉਨ੍ਹਾਂ ਉਮੀਦਾਂ 'ਤੇ ਖਰਾ ਉਤਰਣ ਵਿੱਚ ਅਸਫਲ ਰਿਹਾ ਹੈ।" ਆਪਣੀ 2022 ਦੀ ਕਿਤਾਬ "ਅਗਲੀ ਮਹਾਂਮਾਰੀ ਨੂੰ ਕਿਵੇਂ ਰੋਕਿਆ ਜਾਵੇ" ਵਿੱਚ, ਗੇਟਸ ਨੇ 2020 ਵਿੱਚ ਮਹਾਂਮਾਰੀ ਨਾਲ ਲੜਨ ਲਈ ਤਿਆਰੀ ਦੀ ਘਾਟ ਲਈ ਵੱਖ-ਵੱਖ ਦੇਸ਼ਾਂ ਦੀਆਂ ਸਰਕਾਰਾਂ ਦੀ ਆਲੋਚਨਾ ਵੀ ਕੀਤੀ। ਦੁਨੀਆ ਦੇ ਸਭ ਤੋਂ ਅਮੀਰ ਵਿਅਕਤੀ ਰਹਿ ਚੁੱਕੇ ਗੇਟਸ ਨੇ ਇਸ ਮਹਾਮਾਰੀ ਨਾਲ ਨਜਿੱਠਣ ਲਈ ਦੁਨੀਆ ਭਰ ਦੇ ਦੇਸ਼ਾਂ ਨੂੰ ਕੁਝ ਸੁਝਾਅ ਵੀ ਦਿੱਤੇ ਹਨ। ਇਨ੍ਹਾਂ ਵਿੱਚ ਬਿਮਾਰੀ ਦੀ ਨਿਗਰਾਨੀ ਅਤੇ ਟੀਕੇ ਦੀ ਖੋਜ ਵਿੱਚ ਨਿਵੇਸ਼ ਵਧਾਉਣਾ ਸ਼ਾਮਲ ਹੈ। ਕੋਵਿਡ-19 ਬਾਰੇ ਬੋਲਦੇ ਹੋਏ, ਗੇਟਸ ਨੇ ਟਿੱਪਣੀ ਕੀਤੀ, "ਹਾਲਾਂਕਿ ਕੋਰੋਨਵਾਇਰਸ ਮਹਾਂਮਾਰੀ ਤੋਂ ਕੁਝ ਸਬਕ ਸਿੱਖੇ ਗਏ ਹਨ, ਅਫ਼ਸੋਸ ਦੀ ਗੱਲ ਹੈ ਕਿ ਇਹ ਉਮੀਦਾਂ ਤੋਂ ਬਹੁਤ ਘੱਟ ਹਨ। ਅਸੀਂ ਅਜੇ ਵੀ ਪੂਰੀ ਤਰ੍ਹਾਂ ਨਾਲ ਬੋਰਡ 'ਤੇ ਨਹੀਂ ਹਾਂ ਕਿ ਅਸੀਂ ਕੀ ਚੰਗਾ ਕੀਤਾ ਅਤੇ ਅਸੀਂ ਕਿੱਥੇ ਘੱਟ ਗਏ। ਉਮੀਦ ਹੈ ਅਗਲੇ ਪੰਜ ਸਾਲਾਂ ਵਿੱਚ ਇਸ ਵਿੱਚ ਸੁਧਾਰ ਹੋਵੇਗਾ।"

## ਕਮਲਾ ਹੈਰਿਸ ਦਾ...

ਵਜੋਂ ਦਰਸਾਇਆ ਜੋ ਦੇਸ਼ ਨੂੰ ਚਲਾਉਣ ਲਈ ਬਹੁਤ ਉਦਾਰ ਕਿਸਮ ਦੀ ਹੋਵੇਗੀ। ਅਮਰੀਕੀ ਅਖਬਾਰ ਵਾਲ ਸਟਰੀਟ ਜਰਨਲ ਨੇ ਵੀ ਬਹਿਸ ਵਿੱਚ ਕਮਲਾ ਹੈਰਿਸ ਨੂੰ ਜੇਤੂ ਕਰਾਰ ਦਿੱਤਾ ਹੈ। ਅਖ਼ਬਾਰ ਨੇ ਆਪਣੀ ਖਬਰ ਦਾ ਸਿਰਲੇਖ ਦਿੱਤਾ, 'ਹੈਰਿਸ ਨੇ ਜ਼ੋਰਦਾਰ ਰਾਸ਼ਟਰਪਤੀ ਬਹਿਸ ਵਿੱਚ ਟਰੰਪ ਨੂੰ ਘੇਰਿਆ।'ਅਖ਼ਬਾਰ ਨੇ ਲਿਖਿਆ ਕਿ ਹੈਰਿਸ ਨੇ ਟਰੰਪ ਨੂੰ ਕਈ ਵਾਰ ਭੜਕਾਉਣ ਦੀ ਕੋਸ਼ਿਸ਼ ਕੀਤੀ ਅਤੇ ਉਹ ਇਸ ਵਿਚ ਸਫਲ ਰਹੀ, ਜਿਵੇਂ ਕਿ ਟਰੰਪ ਦੇ ਖਿਲਾਫ ਅਪਰਾਧਿਕ ਮਾਮਲੇ। ਟਰੰਪ ਨੇ ਬਹਿਸ ਦੌਰਾਨ ਕਈ ਝੂਠ ਬੋਲੇ, ਜਿਸ 'ਤੇ ਏਬੀਸੀ ਨਿਊਜ਼ ਦੇ ਬਹਿਸ ਸੰਚਾਲਕ ਨੇ ਵੀ ਆਵਾਜ਼ ਉਠਾਈ।

ਯੂਐੱਸਏ ਟੂਡੇ ਨੇ ਵੀ ਹੈਰਿਸ ਦੇ ਪ੍ਰਦਰਸ਼ਨ ਨੂੰ ਜ਼ਬਰਦਸਤ ਦੱਸਿਆ ਅਤੇ ਕਿਹਾ ਕਿ ਉਸਨੇ ਟਰੰਪ ਨੂੰ ਹੈਰਾਨ ਕਰ ਦਿੱਤਾ। ਅਖ਼ਬਾਰ ਨੇ ਆਪਣੇ ਵਿਸ਼ਲੇਸ਼ਣ 'ਚ ਲਿਖਿਆ, 'ਡੋਨਾਲਡ ਟਰੰਪ ਨੇ ਆਖਰੀ ਬਹਿਸ 'ਚ ਜੋਅ ਬਿਡੇਨ ਨੂੰ 2024 ਦੇ ਰਾਸ਼ਟਰਪਤੀ ਅਹੁਦੇ ਦੀ ਦੌੜ 'ਚੋਂ ਬਾਹਰ ਕਰ ਦਿੱਤਾ ਸੀ, ਪਰ ਮੰਗਲਵਾਰ ਰਾਤ (ਭਾਰਤੀ ਸਮੇਂ ਅਨੁਸਾਰ ਬੁੱਧਵਾਰ ਸਵੇਰੇ) ਰਿਪਬਲਿਕਨ ਪਾਰਟੀ ਨੂੰ ਬਹਿਸ 'ਚ ਆਪਣੀ ਨਵੀਂ ਡੈਮੋਕ੍ਰੇਟਿਕ ਵਿਰੋਧੀ ਕਮਲਾ ਹੈਰਿਸ ਦਾ ਸਾਹਮਣਾ ਕਰਨਾ ਪਿਆ।

ਅਮਰੀਕੀ ਨਿਊਜ਼ ਆਊਟਲੈੱਟ ਸ਼ੰਭਛ ਨੇ ਸਪੱਸ਼ਟ ਤੌਰ 'ਤੇ ਕਮਲਾ ਹੈਰਿਸ ਨੂੰ ਬਹਿਸ ਦੀ ਜੇਤੂ ਐਲਾਨ ਕੀਤਾ। ਨੈਟਵਰਕ ਨੇ ਹੈਰਿਸ ਦੀ ਰਚਨਾਤਮਕ ਅਤੇ ਰਾਸ਼ਟਰਪਤੀ ਵਿਵਹਾਰ ਨੂੰ ਬਣਾਈ ਰੱਖਣ ਲਈ ਪ੍ਰਸ਼ੰਸਾ ਕੀਤੀ, ਜੋ ਕਿ ਟਰੰਪ ਦੀ ਨਿਰਾਸ਼ਾ ਤੋਂ ਬਹੁਤ ਦੂਰ ਸੀ।

ਸੋਸ਼ਲ ਮੀਡੀਆ 'ਤੇ ਲੋਕਾਂ ਨੇ ਕੀ ਕਿਹਾ? ਅਮਰੀਕਾ ਦੇ ਮਸ਼ਹੂਰ ਪੱਤਰਕਾਰ ਪੀਅਰਸ ਮੋਰਗਨ ਨੇ ਵੀ ਕਮਲਾ ਹੈਰਿਸ ਨੂੰ ਬਹਿਸ ਦੀ ਜੇਤੂ ਕਰਾਰ ਦਿੱਤਾ ਹੈ। ਸੋਸ਼ਲ ਮੀਡੀਆ ਸਾਈਟ ਐਕਸ 'ਤੇ ਲਿਖਿਆ, 'ਵਾਹ! ਕਮਲਾ ਹੈਰਿਸ ਨੇ ਉਸ ਬਹਿਸ ਨੂੰ ਆਸਾਨੀ ਨਾਲ ਜਿੱਤ ਲਿਆ। ਬਹਿਸ ਦੌਰਾਨ ਟਰੰਪ ਸੁਸਤ ਨਜ਼ਰ ਆਏ। ਹੈਰਿਸ ਸ਼ੁਰੂ ਵਿਚ ਘਬਰਾ ਗਈ ਸੀ ਪਰ ਹੌਲੀ-ਹੌਲੀ ਉਸ ਦਾ ਆਤਮਵਿਸ਼ਵਾਸ ਵਧਦਾ ਗਿਆ। ਕਮਲਾ ਦੀ ਵੱਡੀ ਜਿੱਤ ਜੋ ਕਿ ਅਚਾਨਕ ਸੀ। ਇਸ ਨਾਲ ਚੋਣਾਂ ਵਿੱਚ ਵੱਡੀ ਤਬਦੀਲੀ ਆ ਸਕਦੀ ਹੈ।

## ਕੈਨੇਡਾ ਵਿਚ ਚੁਫੇਰਿਉਂ...

ਭੂਮਿਕਾ ਅਦਾ ਕਰਨ। ਪ੍ਰਿੰਸ ਐਡਵਰਡ ਕਾਊਂਟੀ ਵਿਖੇ ਨਵੇਂ ਵਾਟਰ ਟ੍ਰੀਟਮੈਂਟ ਪਲਾਂਟ ਵਾਸਤੇ ਆਰਥਿਕ ਸਹਾਇਤਾ ਦਾ ਐਲਾਨ ਕਰਨ ਮੌਕੇ ਡਗ ਫੋਰਡ ਨੇ ਕਿਹਾ ਕਿ ਜਗਮੀਤ ਸਿੰਘ ਨੇ ਲੋਕਾਂ ਨੂੰ ਭੰਬਲਭੂਸੇ ਵਿਚ ਪਾਇਆ ਹੋਇਆ ਹੈ ਜਦਕਿ ਅਸਲੀਅਤ ਇਹ ਹੈ ਕਿ ਲਾਲਚੀ ਸਿਆਸਤਦਾਨਾਂ ਵਾਸਤੇ ਪੈਨਸ਼ਨ ਹਾਸਲ ਕਰਨਾ ਸਭ ਤੋਂ ਅਹਿਮ ਹੁੰਦਾ ਹੈ। ਉਨਟਾਰੀਓ ਦੇ ਪ੍ਰੀਮੀਅਰ ਨੇ ਚੁਣੌਤੀ ਦਿਤੀ ਕਿ ਜੇ ਜਗਮੀਤ ਸਿੰਘ ਸਮੇਂ ਤੋਂ ਪਹਿਲਾਂ ਚੋਣਾਂ ਕਰਵਾਉਂਦੇ ਹਨ ਤਾਂ ਉਹ ਸਭ ਦੇ ਸਾਹਮਣੇ ਖੜ੍ਹੇ ਹੋ ਕੇ ਲਾਲਚੀ ਸਿਆਸਤਦਾਨਾਂ ਤੋਂ ਮੁਆਫੀ ਮੰਗਣਗੇ।

### ਕੋਈ ਲਾਲਚੀ ਦੱਸ ਰਿਹਾ ਤਾਂ ਕੋਈ ਧੋਖੇਬਾਜ਼

ਡਗ ਫੋਰਡ ਨੇ ਅੱਗੇ ਕਿਹਾ ਕਿ ਜਗਮੀਤ ਸਿੰਘ ਅਕਤੂਬਰ 2025 ਤੋਂ ਪਹਿਲਾਂ ਕਿਤੇ ਨਹੀਂ ਜਾਣਗੇ। ਡਗ ਫੋਰਡ ਨੇ ਸ਼ਰਤ ਲਾਉਂਦਿਆਂ ਕਿਹਾ ਕਿ ਜਗਮੀਤ ਸਿੰਘ, ਟਰੂਡੋ ਸਰਕਾਰ ਵਾਸਤੇ ਕੋਈ ਖਤਰਾ ਪੈਦਾ ਨਹੀਂ ਕਰਨਗੇ ਅਤੇ ਪਿਛਲੇ ਕਈ ਸਾਲ ਤੋਂ ਚੱਲ ਰਿਹਾ ਤਮਾਸ਼ਾ ਅੱਗੇ ਵੀ ਜਾਰੀ ਰਹੇਗਾ। ਇਥੇ ਦਸਣਾ ਬਣਦਾ ਹੈ ਕਿ ਕੰਜ਼ਰਵੇਟਿਵ ਪਾਰਟੀ ਦੇ ਇਸ਼ਤਿਹਾਰਾਂ ਵਿਚ ਜਗਮੀਤ ਸਿੰਘ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ ਅਤੇ ਵਿਰੋਧੀ ਧਿਰ ਦੇ ਆਗੂ ਪਿਅਰੇ ਪੌਇਲੀਐਵ ਉਨ੍ਹਾਂ ਨੂੰ ਵਿਕਿਆ ਹੋਇਆ ਸਿੰਘ ਵੀ ਆਖ ਚੁੱਕੇ ਹਨ। ਪੌਇਲੀਐਵ ਦਾ ਕਹਿਣਾ ਹੈ ਕਿ ਜਗਮੀਤ ਸਿੰਘ ਆਪਣੀ ਪੈਨਸ਼ਨ ਲੈ ਜਾਣਗੇ ਪਰ ਕੀਮਤ ਲੋਕਾਂ ਨੂੰ ਚੁਕਾਉਣੀ ਪਵੇਗੀ। ਟੋਰੀ ਆਗੂ ਦੀ ਚੁਣੌਤੀ ਕਬੂਲ ਕਰਦਿਆਂ ਜਗਮੀਤ ਸਿੰਘ ਘੱਟ ਗਿਣਤੀ ਲਿਬਰਲ ਸਰਕਾਰ ਨਾਲੋਂ ਤੋੜ ਵਿਛੋੜਾ ਕਰ ਚੁੱਕੇ ਹਨ ਪਰ ਇਹ ਸਪੱਸ਼ਟ ਨਹੀਂ ਹੋ ਸਕਿਆ ਕਿ ਹਾਊਸ ਆਫ ਕਾਮਨਜ਼ ਵਿਚ ਬੇਵਿਸਾਹੀ ਮਤਾ ਲਿਆਂਦੇ ਜਾਣ 'ਤੇ ਐਨ.ਡੀ.ਪੀ. ਉਸ ਦੇ ਹੱਕ ਵਿਚ ਭੁਗਤੇਗੀ ਜਾਂ ਵਿਰੋਧ ਵਿਚ। ਦੂਜੇ ਪਾਸੇ ਡਗ ਫੋਰਡ ਵੱਲੋਂ ਫੈਡਰਲ ਚੋਣਾਂ ਦਾ ਜ਼ਿਕਰ ਤਾਂ ਕੀਤਾ ਜਾ ਰਿਹਾ ਹੈ ਪਰ ਸੂਬੇ ਵਿਚ ਸੰਭਾਵਤ ਵਿਧਾਨ ਸਭਾ ਚੋਣਾਂ ਬਾਰੇ ਵਿਸਤਾਰਤ ਜਾਣਕਾਰੀ ਸਾਂਝੀ ਕਰਨ ਤੋਂ ਟਾਲਾ ਵੱਟ ਗਏ। ਪੱਤਰਕਾਰ ਵੱਲੋਂ ਪੁੱਛੇ ਜਾਣ 'ਤੇ ਉਨ੍ਹਾਂ ਕਿਹਾ ਕਿ ਮੌਜੂਦਾ ਵਰ੍ਹੇ ਦੌਰਾਨ ਚੋਣਾਂ ਨਹੀਂ ਹੋਣਗੀਆਂ ਅਤੇ ਉਨਟਾਰੀਓ ਵਾਸੀਆਂ ਦੀ ਖੁਸ਼ਹਾਲੀ ਯਕੀਨੀ ਬਣਾਉਣ ਲਈ ਸਰਕਾਰ ਕੰਮ ਕਰਦੀ ਰਹੇਗੀ। ਸਿਆਸੀ ਮਾਹਰਾਂ ਦਾ ਕਹਿਣਾ ਹੈ ਕਿ ਉਨਟਾਰੀਓ ਵਿਚ ਵਿਚ ਸਮੇਂ ਤੋਂ ਪਹਿਲਾਂ ਵਿਧਾਨ ਸਭਾ ਚੋਣਾਂ ਦੇ ਆਸਾਰ ਟਲ ਚੁੱਕੇ ਹਨ। ਛੇ ਮਹੀਨੇ ਪਹਿਲਾਂ ਜਿਹੜਾ ਖਤਰਾ ਪੀ.ਸੀ. ਪਾਰਟੀ ਨੂੰ ਮਹਿਸੂਸ ਹੋ ਰਿਹਾ ਸੀ, ਉਹ ਹੁਣ ਟਲਦਾ ਮਹਿਸੂਸ ਹੋ ਰਿਹਾ ਹੈ। ਫੈਡਰਲ ਸਿਆਸਤ ਵਿਚ ਗੈਰਯਕੀਨੀ ਵਾਲਾ ਮਾਹੌਲ ਬਣ ਚੁੱਕਾ ਹੈ ਅਤੇ ਡਗ ਫੋਰਡ ਤੇ ਪਿਅਰੇ ਪੌਇਲੀਐਵ ਆਪੋ ਆਪਣੇ ਖੇਤਰਾਂ ਵਿਚ ਰੁੱਝੇ ਰਹਿਣਗੇ ਜਿਸ ਦੇ ਮੱਦੇਨਜ਼ਰ ਸਮੇਂ ਤੋਂ ਪਹਿਲਾਂ ਵਿਧਾਨ ਸਭਾ ਚੋਣਾਂ ਕਰਵਾਉਣ ਦੀ ਨੌਬਤ ਨਹੀਂ ਆਵੇਗੀ।

## ਕੈਨੇਡਾ ਦੇ ਸਟੱਡੀ ਵੀਜ਼ਾ...

ਵੀਜ਼ੇ ਜਾਰੀ ਕਰਨ ਦੀ ਯੋਜਨਾ ਬਣਾ ਰਹੇ ਹਨ। ਇਨ੍ਹਾਂ ਹਾਲਾਤ ਵਿੱਚ ਭਾਰਤੀ ਵਿਦਿਆਰਥੀਆਂ ਲਈ ਕੈਨੇਡਾ ਜਾ ਕੇ ਪੜ੍ਹਾਈ ਕਰਨਾ ਪਹਿਲਾਂ ਨਾਲੋਂ ਔਖਾ ਹੋ ਸਕਦਾ ਹੈ। ਇਹ ਗੱਲ ਇੱਕ ਰਿਪੋਰਟ ਵਿੱਚ ਸਾਹਮਣੇ ਆਈ ਹੈ, ਇਸ ਬਾਰੇ ਵਿਸਥਾਰ ਨਾਲ ਅੱਗੇ ਦੱਸਿਆ ਗਿਆ ਹੈ।

### ਘੱਟ ਵੀਜ਼ੇ ਹੋ ਸਕਦੇ ਹਨ ਜਾਰੀ

ਇਸ ਵਾਰ ਕੈਨੇਡਾ ਤੋਂ ਜਾਰੀ ਵੀਜ਼ਿਆਂ ਵਿੱਚ ਕਰੀਬ 50 ਫੀਸਦੀ ਦੀ ਕਮੀ ਆਉਣ ਦੀ ਸੰਭਾਵਨਾ ਹੈ। ਇਸ ਸਾਲ ਕੈਨੇਡਾ ਹਰ ਸਾਲ ਨਾਲੋਂ ਅੱਧੇ ਵੀਜ਼ੇ ਜਾਰੀ ਕਰ ਸਕਦਾ ਹੈ। ਇਹ ਗੱਲ ਅਪਲਾਈ ਬੋਰਡ ਦੀ ਰਿਪੋਰਟ ਵਿੱਚ ਸਾਹਮਣੇ ਆਈ ਹੈ। ਇਸ ਵਿਚ ਅੱਗੇ ਕਿਹਾ ਗਿਆ ਹੈ ਕਿ ਕੈਨੇਡਾ ਨੇ ਇੱਥੇ ਆਉਣ ਵਾਲੇ ਵਿਦੇਸ਼ੀ ਵਿਦਿਆਰਥੀਆਂ ਦੀ ਗਿਣਤੀ ਨੂੰ ਸੀਮਤ ਕਰਨ ਅਤੇ ਇਸ ਨੂੰ ਉਸੇ ਪੱਧਰ 'ਤੇ ਲਿਆਉਣ ਦੀ ਯੋਜਨਾ ਬਣਾਈ ਹੈ ਜਿਵੇਂ ਕਿ ਇਹ ਸਾਲ 2018 ਅਤੇ 2019 ਵਿਚ ਸੀ।

### ਪਹਿਲਾਂ ਹੀ ਘਟੀ ਗਿਣਤੀ

ਇਸ ਸਾਲ ਦੀ ਸ਼ੁਰੂਆਤ 'ਚ ਭਾਰਤ ਨੂੰ ਮਿਲਣ ਵਾਲੇ ਕੈਨੇਡਾ ਦੇ ਵਿਦਿਆਰਥੀ ਵੀਜ਼ਾ ਮਨਜ਼ੂਰੀਆਂ ਦੀ ਗਿਣਤੀ ਅੱਧੀ ਰਹਿ ਗਈ ਹੈ। ਇਸ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਜਦੋਂ ਸਾਲ ਦੇ ਸ਼ੁਰੂ ਵਿੱਚ ਹੀ ਅਜਿਹਾ ਹੋਇਆ ਹੈ ਤਾਂ ਅੱਗੇ ਕੀ ਹੋਵੇਗਾ। ਇਸ ਰਿਪੋਰਟ ਵਿੱਚ ਅੱਗੇ ਕਿਹਾ ਗਿਆ ਹੈ ਕਿ ਸਾਲ 2023 ਵਿੱਚ ਕੈਨੇਡਾ ਤੋਂ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ 436,000 ਵੀਜ਼ਾ ਪਰਮਿਟ ਦਿੱਤੇ ਗਏ ਸਨ, ਪਰ ਸਾਲ 2024 ਦੇ ਅੰਤ ਤੱਕ ਇਹ ਗਿਣਤੀ 231,000 ਤੱਕ ਸੀਮਤ ਰਹਿਣ ਦੀ ਉਮੀਦ ਹੈ। ਇਹ ਦਰਸਾਉਂਦਾ ਹੈ ਕਿ ਪਿਛਲੇ ਸਾਲ ਦੇ ਮੁਕਾਬਲੇ ਇਸ ਸਾਲ ਗਲੋਬਲ ਵੀਜ਼ਾ ਅਰਜ਼ੀਆਂ ਯਾਨੀ ਸਟੱਡੀ ਪਰਮਿਟਾਂ ਨੂੰ ਸਵੀਕਾਰ ਕਰਨ ਵਿੱਚ 39 ਪ੍ਰਤੀਸ਼ਤ ਦੀ ਗਿਰਾਵਟ ਆ ਸਕਦੀ ਹੈ।

### ਵੱਡੀ ਗਿਣਤੀ ਵਿੱਚ ਭਾਰਤੀ ਵਿਦਿਆਰਥੀ

ਇੰਡੀਆ ਟੂਡੇ ਦੀ ਰਿਪੋਰਟ ਅਨੁਸਾਰ ਹਰ ਸਾਲ ਭਾਰਤ ਤੋਂ ਵੱਡੀ ਗਿਣਤੀ ਵਿਦਿਆਰਥੀ ਪੜ੍ਹਾਈ ਲਈ ਕੈਨੇਡਾ ਜਾਂਦੇ ਹਨ। ਸਾਲ 2022 ਦੀ ਗੱਲ ਕਰੀਏ ਤਾਂ ਕੈਨੇਡਾ ਆਉਣ ਵਾਲੇ 5.5 ਲੱਖ ਅੰਤਰਰਾਸ਼ਟਰੀ ਵਿਦਿਆਰਥੀਆਂ ਵਿੱਚੋਂ 2.26 ਲੱਖ ਵਿਦਿਆਰਥੀ ਭਾਰਤ ਦੇ ਸਨ। ਇੰਨਾ ਹੀ ਨਹੀਂ 3.2 ਲੱਖ ਭਾਰਤੀ ਵਿਦਿਆਰਥੀ ਵੀਜ਼ੇ 'ਤੇ ਕੈਨੇਡਾ 'ਚ ਰਹਿ ਰਹੇ ਹਨ, ਜੋ ਉੱਥੋਂ ਦੀ ਆਰਥਿਕਤਾ ਨੂੰ ਹੁਲਾਰਾ ਦੇਣ 'ਚ ਵੱਡਾ ਯੋਗਦਾਨ ਪਾ ਰਹੇ ਹਨ। ਗੌਰਤਲਬ ਹੈ ਕਿ ਕੈਨੇਡਾ ਅਜਿਹੇ ਨਿਯਮ ਬਣਾ ਰਿਹਾ ਹੈ ਅਤੇ ਅਜਿਹੀ ਸਖ਼ਤੀ ਕਰ ਰਿਹਾ ਹੈ ਕਿ ਅੰਤਰਰਾਸ਼ਟਰੀ ਵਿਦਿਆਰਥੀਆਂ ਦਾ ਇੱਥੇ ਆਉਣ ਦਾ ਝੁਕਾਅ ਘੱਟ ਜਾਵੇ। ਵਿਦਿਆਰਥੀ ਵੀ ਦੂਜੇ ਦੇਸ਼ਾਂ ਵਿਚ ਜਾਣ ਲੱਗੇ ਹਨ।

## ਪ੍ਰਵਾਸੀਆਂ ਨਾਲ ਭਰੀ...

ਦਾ ਸ਼ਿਕਾਰ ਹੋਏ ਲੋਕਾਂ ਅਤੇ ਲਾਪਤਾ ਹੋਏ ਲੋਕਾਂ ਦੀ ਭਾਲ ਲਈ ਇਕ ਜਹਾਜ਼ ਅਤੇ ਦੋ ਕਿਸ਼ਤੀਆਂ ਭੇਜੀਆਂ ਹਨ ਜਿਸ ਨਾਲ ਕਈ ਲੋਕਾਂ ਨੂੰ ਬਚਾ ਲਿਆ ਗਿਆ ਹੈ। ਪੁਲਸ ਨੇ ਜਾਂਚ ਪਿੱਛੋਂ ਇਹ ਖੁਲਾਸਾ ਕੀਤਾ ਹੈ ਕਿ ਕਿਸ਼ਤੀ ਪਲਟਣ ਦੇ ਮਾਮਲੇ 'ਚ ਕਿਸ਼ਤੀ ਦੇ ਮਾਲਕ ਅਤੇ ਕਪਤਾਨ ਨੇ ਖੁਦ ਨੂੰ ਪੁਲਸ ਦੇ ਹਵਾਲੇ ਕਰ ਦਿੱਤਾ ਹੈ ਜਿਸ 'ਚੋਂ ਇਕ ਦਾ ਨਾਂ ਸੱਲ ਜਿਸ ਨੇ ਉਸ ਸੋਮਵਾਰ ਨੂੰ ਖੁਦ ਪੁਲਸ ਦੇ ਸਾਹਮਣੇ ਆ ਕੇ ਗ੍ਰਿਫਤਾਰੀ ਦਿੱਤੀ।

## ਅਮਰੀਕਾ ਨੂੰ ਚੀਨ ਦੀ...

ਕੁਚਲਣ ਦੇ ਸਮਰੱਥ ਹਾਂ। ਅਸੀਂ ਉਮੀਦ ਕਰਦੇ ਹਾਂ ਕਿ ਦੱਖਣੀ ਚੀਨ ਸਾਗਰ ਸ਼ਾਂਤੀ ਦਾ ਸਾਗਰ ਬਣਿਆ ਰਹੇਗਾ। ਚੀਨ ਦੇ ਲੈਫਟੀਨੈਂਟ ਜਨਰਲ ਹੀ ਲੇਈ ਨੇ ਕਿਹਾ ਕਿ ਜੇਕਰ ਅਮਰੀਕਾ ਆਪਣੇ ਪਿਆਦੇ ਨੂੰ ਸਾਡੀ ਸਮੁੰਦਰੀ ਸਰਹੱਦ ਅੰਦਰ ਆਉਣ ਲਈ ਉਕਸਾਉਂਦਾ ਹੈ ਜਾਂ ਅੰਦਰ ਆਉਣ ਦੀ ਕੋਸ਼ਿਸ਼ ਵੀ ਕਰਦਾ ਹੈ ਤਾਂ ਸਾਡੀ ਫ਼ੌਜ ਵੀ ਸਬਰ ਨਹੀਂ ਕਰੇਗੀ। ਅਸੀਂ ਜੰਗ ਨਹੀਂ ਚਾਹੁੰਦੇ ਪਰ ਜੇਕਰ ਸਾਡੀ ਪ੍ਰਭੂਸੱਤਾ ਪ੍ਰਭਾਵਿਤ ਹੁੰਦੀ ਹੈ ਤਾਂ ਅਸੀਂ ਇਸ ਤੋਂ ਪਿੱਛੇ ਨਹੀਂ ਹਟਾਂਗੇ। ਲੈਫਟੀਨੈਂਟ ਜਨਰਲ ਨੇ ਕਿਹਾ ਕਿ ਸਾਡੀ ਫੌਜ ਕਿਸੇ ਵੀ ਹਾਲਾਤ ਵਿੱਚ ਸਾਡੇ ਦੇਸ਼ ਦੀਆਂ ਸਾਰੀਆਂ ਸਰਹੱਦਾਂ ਦੀ ਰਾਖੀ ਕਰਨ ਦੇ ਸਮਰੱਥ ਹੈ ਅਤੇ ਕਿਸੇ ਵੀ ਦੁਸ਼ਮਣ ਨਾਲ ਲੜਨ ਅਤੇ ਕੁਚਲਣ ਲਈ ਤਿਆਰ ਹੈ, ਜੋ ਸਰਹੱਦਾਂ ਨੂੰ ਘੇਰਨ ਦੀ ਇੱਛਾ ਰੱਖਦਾ ਹੈ, ਜਿਸ ਕਾਰਨ ਬੀਜਿੰਗ ਅਤੇ ਵਾਸ਼ਿੰਗਟਨ ਵਿਚਾਲੇ ਲਗਾਤਾਰ ਟਕਰਾਅ ਹੁੰਦਾ ਰਹਿੰਦਾ ਹੈ ਦੱਖਣੀ ਚੀਨ ਸਾਗਰ ਸਮੇਤ ਪੂਰੇ ਵਿਵਾਦਿਤ ਸਮੁੰਦਰੀ ਖੇਤਰ 'ਚ ਚੀਨ ਦਾ ਹਮਲਾਵਰ ਰਵੱਈਆ ਵਧਦਾ ਜਾ ਰਿਹਾ ਹੈ। ਇਸ ਦਾ ਸਭ ਤੋਂ ਵੱਡਾ ਕਾਰਨ ਇਹ ਹੈ ਕਿ ਜਿੱਥੇ ਅਮਰੀਕਾ ਤਾਈਵਾਨ ਅਤੇ ਜਾਪਾਨ ਦੀ ਸੁਰੱਖਿਆ ਲਈ ਵਚਨਬੱਧ ਹੈ, ਉਥੇ ਚੀਨ ਉਨ੍ਹਾਂ 'ਤੇ ਹਮਲੇ ਕਰਦਾ ਰਹਿੰਦਾ ਹੈ।

ਹਾਲ ਹੀ 'ਚ ਚੀਨੀ ਕੋਸਟ ਗਾਰਡ ਵੱਲੋਂ ਫਿਲੀਪੀਨਜ਼ ਦੀ ਜਲ ਸੈਨਾ ਨਾਲ ਬਦਸਲੂਕੀ ਤੋਂ ਬਾਅਦ ਇਹ ਮੁੱਦਾ ਇਕ ਵਾਰ ਫਿਰ ਪੂਰੀ ਦੁਨੀਆ 'ਚ ਗਰਮ ਹੋ ਗਿਆ ਹੈ। ਚੀਨ ਤਾਇਵਾਨ ਨੂੰ ਆਪਣਾ ਹਿੱਸਾ ਮੰਨਦਾ ਹੈ ਅਤੇ ਉਮੀਦ ਕਰਦਾ ਹੈ ਕਿ ਪੂਰੀ ਦੁਨੀਆ ਤਾਈਵਾਨ ਨੂੰ ਆਪਣਾ ਹਿੱਸਾ ਮੰਨੇ ਪਰ ਤਾਈਵਾਨ ਆਪਣੇ ਆਪ ਨੂੰ ਇੱਕ ਆਜ਼ਾਦ ਦੇਸ਼ ਮੰਨਦਾ ਹੈ। ਚੀਨੀ ਲੜਾਕੂ ਜਹਾਜ਼ ਲਗਾਤਾਰ ਤਾਈਵਾਨ ਦੇ ਹਵਾਈ ਖੇਤਰ ਦੀ ਉਲੰਘਣਾ ਕਰਦੇ ਹਨ, ਜੋ ਅਮਰੀਕਾ ਅਤੇ ਚੀਨ ਵਿਚਾਲੇ ਟਕਰਾਅ ਦਾ ਇਕ ਹੋਰ ਕਾਰਨ ਬਣ ਗਿਆ ਹੈ। ਚੀਨ ਦਾ ਹਰ ਗੁਆਂਢੀ ਨਾਲ ਸਰਹੱਦੀ ਵਿਵਾਦ ਹੈ। ਆਪਣੀ ਪਸਾਰਵਾਦੀ ਸੋਚ ਕਾਰਨ ਚੀਨ ਹਮੇਸ਼ਾ ਹੀ ਛੋਟੇ ਦੇਸ਼ਾਂ ਨਾਲ ਧੱਕੇਸ਼ਾਹੀ ਕਰਨ ਲਈ ਜਾਣਿਆ ਜਾਂਦਾ ਰਿਹਾ ਹੈ। ਅਮਰੀਕਾ ਦੱਖਣੀ ਚੀਨ ਸਾਗਰ ਵਿੱਚ ਆਪਣਾ ਦਬਦਬਾ ਘੱਟ ਨਹੀਂ ਹੋਣ ਦੇਣਾ ਚਾਹੁੰਦਾ, ਇਸ ਲਈ ਦੱਖਣੀ ਚੀਨ ਸਾਗਰ ਵਿੱਚ ਇਹ ਲੜਾਈ ਸਿੱਧੀ ਅਮਰੀਕਾ ਅਤੇ ਚੀਨ ਦਰਮਿਆਨ ਹੁੰਦੀ ਹੈ।

## ਇਜ਼ਰਾਈਲ ਦੇ ਹਵਾਈ...

ਤੇ ਸਬੂਤ ਦਿੱਤੇ ਬਿਨਾਂ ਦਾਅਵਾ ਕੀਤਾ ਕਿ ਹੁਣ ਤੱਕ 17 ਹਜ਼ਾਰ ਅਤਿਵਾਦੀ ਮਾਰੇ ਜਾ ਚੁੱਕੇ ਹਨ। ਇਜ਼ਰਾਇਲੀ ਫੌਜ ਨੇ ਕਿਹਾ ਕਿ ਉਨ੍ਹਾਂ ਪੱਛਮੀ ਕੰਢੇ ਦੇ ਟੂਬਾਸ ਸ਼ਹਿਰ 'ਚ ਅੱਜ ਤੜਕੇ ਅਤਿਵਾਦੀਆਂ ਦੇ ਗਰੁੱਪ ਨੂੰ ਨਿਸ਼ਾਨਾ ਬਣਾਇਆ ਸੀ। ਉਧਰ ਗਾਜ਼ਾ ਪੱਟੀ 'ਚ ਯੂਰਪੀ ਹਸਪਤਾਲ ਮੁਤਾਬਕ ਅੱਜ ਤੜਕੇ ਕੀਤੇ ਹਵਾਈ ਹਮਲੇ 'ਚ 11 ਵਿਅਕਤੀ ਮਾਰੇ ਗਏ ਹਨ। ਖ਼ਾਨ ਯੂਨਿਸ ਨੇੜੇ ਹੋਏ ਹਮਲੇ 'ਚ ਤਿੰਨ ਔਰਤਾਂ, ਬੱਚਾ ਤੇ ਇਕ ਵਿਅਕਤੀ ਮਾਰੇ ਗਏ। ਇਸੇ ਤਰ੍ਹਾਂ ਮੰਗਲਵਾਰ ਦੇਰ ਰਾਤ ਜਬਾਲੀਆ ਦੇ ਸ਼ਰਨਾਰਥੀ ਕੈਂਪ ਦੇ ਇਕ ਘਰ 'ਤੇ ਹੋਏ ਹਮਲੇ 'ਚ ਛੇ ਔਰਤਾਂ ਅਤੇ ਬੱਚਾ ਮਾਰੇ ਗਏ। ਇਹ ਘਰ ਅਲ-ਕੁਦਸ ਓਪਨ ਯੂਨੀਵਰਸਿਟੀ ਦੇ ਪ੍ਰੋਫੈਸਰ ਅਕਰਮ ਅਲ-ਨਾਜਰ ਦਾ ਸੀ, ਜੋ ਹਮਲੇ 'ਚ ਵਾਲ-ਵਾਲ ਬਚ ਗਿਆ। ਉਧਰ ਨੁਸਰਤ 'ਚ ਸੰਯੁਕਤ ਰਾਸ਼ਟਰ ਦੇ ਸਕੂਲ 'ਚ ਪਨਾਹ ਲੈ ਕੇ ਬੈਠੇ ਲੋਕਾਂ 'ਤੇ ਕੀਤੇ ਗਏ ਹਮਲੇ 'ਚ 14 ਵਿਅਕਤੀ ਮਾਰੇ ਗਏ।

# ਫਿਲੀਪੀਨਜ਼ 'ਚ ਜਨਵਰੀ ਤੋਂ ਹੁਣ ਤੱਕ ਡੇਂਗੂ ਕਾਰਨ ਹੋਈਆਂ 546 ਮੌਤਾਂ

ਮਨੀਲਾ : ਫਿਲੀਪੀਨਜ਼ ਵਿਚ ਬਰਸਾਤ ਦੇ ਮੌਸਮ ਦੌਰਾਨ ਡੇਂਗੂ ਦੇ ਵੱਧ ਰਹੇ ਕੇਸਾਂ ਅਤੇ ਮੌਤਾਂ ਨਾਲ ਜੂਝਣਾ ਜਾਰੀ ਹੈ, ਦੇਸ਼ ਦੇ ਸਿਹਤ ਵਿਭਾਗ (ਡੀਓਐੱਚ) ਨੇ ਵੀਰਵਾਰ ਨੂੰ ਕਿਹਾ। ਇਸ ਸਾਲ ਜਨਵਰੀ ਤੋਂ 6 ਸਤੰਬਰ ਤੱਕ, ਡੀਓਐੱਚ ਨੇ ਡੇਂਗੂ ਦੇ 208,965 ਕੇਸਾਂ ਦੀ ਗਿਣਤੀ ਕੀਤੀ ਹੈ, ਜੋ ਪਿਛਲੇ ਸਾਲ ਦੀ ਇਸੇ ਮਿਆਦ ਦੇ ਮੁਕਾਬਲੇ 68 ਫੀਸਦੀ ਵੱਧ ਹੈ। ਸਿਨਹੂਆ ਨਿਊਜ਼ ਏਜੰਸੀ ਨੇ ਦੱਸਿਆ ਕਿ ਇਸ ਸਮੇਂ ਦੌਰਾਨ 546 ਮੌਤਾਂ ਦਰਜ ਕੀਤੀਆਂ ਗਈਆਂ।

ਫਿਲੀਪੀਨ ਦੇ ਸਿਹਤ ਸਕੱਤਰ ਟੇਓਡੋਰੋ ਹਰਬੋਸਾ ਨੇ ਜਨਤਾ ਨੂੰ ਭਰੋਸਾ ਦਿਵਾਇਆ ਕਿ ਸਿਹਤ ਏਜੰਸੀ ਲੋੜੀਂਦੇ ਉਪਾਵਾਂ ਅਤੇ ਦਖਲਅੰਦਾਜ਼ੀ ਨੂੰ ਲਾਗੂ ਕਰਨ ਲਈ ਸਥਿਤੀ ਦੀ ਨਿਗਰਾਨੀ ਅਤੇ ਮੁਲਾਂਕਣ ਕਰਨਾ ਜਾਰੀ ਰੱਖਦੀ ਹੈ। ਹਰਬੋਸਾ ਨੇ ਕਿਹਾ ਕਿ ਅਸੀਂ ਡੇਂਗੂ ਦੇ ਮਾਮਲਿਆਂ ਵਿੱਚ ਲਗਾਤਾਰ ਅਤੇ ਮੌਸਮੀ ਵਾਧਾ ਦੇਖ ਰਹੇ ਹਾਂ। ਹਰਬੋਸਾ ਨੇ "ਬਰਸਾਤ ਦੇ ਮੌਸਮ ਦੁਆਰਾ ਪੈਦਾ ਹੋਈ ਇਸ ਸਥਿਤੀ ਨੂੰ ਹੱਲ ਕਰਨ ਲਈ ਤੁਰੰਤ ਅਤੇ ਠੋਸ ਕਦਮ ਚੁੱਕਣ ਦੀ ਲੋੜ" 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਡੇਂਗੂ ਦੇ ਫੈਲਾਅ ਨੂੰ ਰੋਕਣ ਲਈ ਇਹ ਸਮੂਹਿਕ ਉਪਰਾਲਾ ਬਹੁਤ ਜ਼ਰੂਰੀ ਹੈ।

ਡੇਂਗੂ ਫਿਲੀਪੀਨਜ਼ ਵਿੱਚ ਇੱਕ ਮਹਾਂਮਾਰੀ ਹੈ। ਪਾਣੀ ਤੋਂ ਪੈਦਾ ਹੋਣ ਵਾਲੀਆਂ ਛੂਤ ਦੀਆਂ ਬੀਮਾਰੀਆਂ, ਡੇਂਗੂ ਸਮੇਤ, ਆਮ ਤੌਰ 'ਤੇ ਜੁਲਾਈ ਤੋਂ ਅਕਤੂਬਰ ਤੱਕ ਬਰਸਾਤ ਦੇ ਮੌਸਮ ਦੀ ਸ਼ੁਰੂਆਤ 'ਤੇ ਮੌਸਮ ਦੇ ਉਤਰਾਅ-ਚੜ੍ਹਾਅ, ਹੜ੍ਹਾਂ ਅਤੇ ਦੂਸ਼ਿਤ ਪਾਣੀ ਦੇ ਇਕੱਠੇ ਹੋਣ ਕਾਰਨ ਸਿਖਰ 'ਤੇ ਹੁੰਦੇ ਹਨ। ਡੇਂਗੂ ਦਾ ਮੱਛਰ ਖੜ੍ਹੇ ਪਾਣੀ, ਖੁੱਲ੍ਹੇ ਡੱਬਿਆਂ, ਘਰ ਦੇ ਆਲੇ-ਦੁਆਲੇ ਦੇ ਡੱਬਿਆਂ ਅਤੇ ਕੁਝ ਪੌਦਿਆਂ, ਜਿਵੇਂ ਕੇਲੇ ਆਦਿ ਵਿੱਚ ਪੈਦਾ ਹੁੰਦਾ ਹੈ।

REXDALE Financial Services
ਪੰਜਾਬੀਆਂ ਦਾ ਆਪਣਾ ਲੋਨ ਦਾ ਡੀਪੂ
Tired Of Paying High Interest?
PAY OFF YOUR DEBTS!!!
BANKS SAY NO? WE SAY YES !
YOU NEED A MORTGAGE ?
WE'LL ARRANGE IT FOR YOU
NO MATTER WHAT YOUR REASON IS !
Increase Your Cash Flow by Upto 50%
SELF-EMPLOYED OR UN-EMPLOYED
Some Conditions Apply
Dir: 416-677-0047
NO CREDIT ANY CREDIT
Office: 416-674-7050
Fax: 416-674-9009
EMail:paulgahunia@hotmail com
Jaspal Singh Gahunia
# M08006400
Lic # 10686
19 Woodbine Downs Blvd., Suite#201,
Etobicoke, ON. M9W 6N5
The Mortgage Centre

Best Bargain
Carpet & Flooring
Residential - Commercial - Industrial
Sale & Custom Installation done by Professionals
5 Year Installation Warranty on all Carpets & Flooring
LAUZON Distinctive Hardwood Flooring
PEERLESS
ਵਾਜਬ ਕੀਮਤਾਂ ਅਤੇ ਵਧੀਆ ਸੇਵਾਵਾਂ
* Hardwood * Laminate * Vinyl * Wall to Wall Carpers * Hall Runners
* Oriental Rugs * Custom Made Area Rugs * All Kinds of Carpet Binding
FREE Shop at Home Service
WE WILL BEAT ALL THE BEST PRICES
Tel: 905-696-7877
Cell: 416-937-2856
1332 Khalsa Drive, Unit#21
Mississauga, ON L5S 0A2
Email:- best_bargain@hotmail.com
Gurpreet Singh

BEST TRUCK REPAIR & TIRE CENTER
ਅਸੀਂ ਸੇਫਟੀ, ਇੰਸਪੈਕਸ਼ਨ ਅਤੇ ਹਰ ਤਰ੍ਹਾਂ ਦੇ ਟਰੱਕਾਂ, ਟ੍ਰੇਲਰਜ਼ ਦੀ ਰਿਪੇਅਰ ਕਰਦੇ ਹਾਂ, ਅਤੇ ਅਸੀਂ ਹਰ ਬਰੈਂਡ ਦੇ ਨਵੇਂ ਅਤੇ ਪੁਰਾਣੇ ਟਾਇਰ ਵੀ ਵੇਚਦੇ ਹਾਂ
ਅਸੀਂ ਕਿਸੇ ਵੀ ਐਡਵਰਟਾਈਜ਼ ਕੀਤੀ ਕੀਮਤ ਨੂੰ ਬੀਟ ਕਰਦੇ ਹਾਂ
WINTER SPECIAL SALE
Brand new truck Alignment machine & you will get print out as well.
Winter ਲਈ ਆਪਣੇ ਟਰੱਕ ਨੂੰ ਤਿਆਰ ਕਰਵਾਓ,
ਹਰ ਕੰਮ ਬਹੁਤ ਵਾਜਬ ਕੀਮਤ 'ਤੇ ਕਰਵਾ ਸਕਦੇ ਹੋ
4 Rear Break & Drum
USA Mace
Special Rates
with Installation
CAT Batteries 1000c Under Warranty
$550
Installation Included
MICHELIN BFGoodrich DUNLOP GOODYEAR HANKOOK Xceed AEOLUS ROADLUX
We specialize in Engine, Transmission, Differential Rebuilt & all kind of Electric work.
Ph: 905-625-0055, 416-624-8351
1715 Sismet Road, Mississauga, ON. L4W 1P9
www.besttruckrepairandtire.ca
ਟਰੱਕਾਂ ਅਤੇ ਟ੍ਰੇਲਰਾਂ ਦੇ ਨਵੇਂ/ਪੁਰਾਣੇ ਟਾਇਰ
ਅਸੀਂ Chevron & Delo ਦਾ ਤੇਲ ਹੀ ਵਰਤਦੇ ਹਾਂ
Chevron Delo
open 7 Days a Week.

# ਜ਼ਿਆਦਾਤਰ ਅਮੀਰ ਭਾਰਤੀ ਆਪਣੇ ਬੱਚਿਆਂ ਨੂੰ ਪੜ੍ਹਾਈ ਲਈ ਭੇਜਦੇ ਹਨ ਵਿਦੇਸ਼: ਅਧਿਐਨ



ਮੁੰਬਈ: ਤਿੰਨ-ਚੌਥਾਈ ਤੋਂ ਵੱਧ ਅਮੀਰ ਭਾਰਤੀਆਂ ਨੇ ਆਪਣੇ ਬੱਚਿਆਂ ਨੂੰ ਪੜ੍ਹਾਈ ਲਈ ਵਿਦੇਸ਼ ਭੇਜਿਆ ਹੈ ਜਾਂ ਭਵਿੱਖ ਵਿਚ ਅਜਿਹਾ ਕਰਨ ਦੀ ਯੋਜਨਾ ਬਣਾ ਰਹੇ ਹਨ। ਇਹ ਮੁਲਾਂਕਣ ਇੱਕ ਅਧਿਐਨ ਰਿਪੋਰਟ ਵਿੱਚ ਪੇਸ਼ ਕੀਤਾ ਗਿਆ ਹੈ। ਇਹ ਸਰਵੇਖਣ ਮਾਰਚ ਵਿੱਚ 1,456 ਭਾਰਤੀਆਂ ਵਿੱਚ ਕੀਤਾ ਗਿਆ ਸੀ। ਇਨ੍ਹਾਂ ਲੋਕਾਂ ਕੋਲ 84 ਲੱਖ ਰੁਪਏ (ਇਕ ਲੱਖ ਡਾਲਰ) ਤੋਂ ਲੈ ਕੇ ਲਗਭਗ 17 ਕਰੋੜ ਰੁਪਏ (20 ਲੱਖ ਡਾਲਰ) ਦੇ ਵਿਚਕਾਰ ਨਿਵੇਸ਼ਯੋਗ ਸਰਪਲੱਸ ਸੀ।

ਅਧਿਐਨ ਵਿੱਚ ਪਾਇਆ ਗਿਆ ਕਿ ਚੰਗੀ ਆਰਥਿਕ ਸਥਿਤੀ ਵਾਲੇ ਭਾਰਤੀਆਂ ਵਿੱਚ ਆਪਣੇ ਬੱਚਿਆਂ ਨੂੰ ਵਿਦੇਸ਼ਾਂ ਵਿੱਚ ਪੜ੍ਹਾਉਣ ਦੀ ਤੀਬਰ ਇੱਛਾ ਹੁੰਦੀ ਹੈ। ਅਧਿਐਨ 'ਚ ਸ਼ਾਮਲ 78 ਫੀਸਦੀ ਲੋਕਾਂ ਨੇ ਕਿਹਾ ਕਿ ਉਹ ਆਪਣੇ ਬੱਚਿਆਂ ਨੂੰ ਵਿਦੇਸ਼ਾਂ 'ਚ ਪੜ੍ਹਾਉਣ ਦੇ ਇੱਛੁਕ ਹਨ। ਵਿਦੇਸ਼ੀ ਰਿਣਦਾਤਾ ਐਚਐਸਬੀਸੀ ਦੁਆਰਾ ਕਰਵਾਏ ਗਏ 'ਗਲੋਬਲ ਕੁਆਲਿਟੀ ਆਫ ਲਾਈਫ, 2024' ਸਰਵੇਖਣ ਅਨੁਸਾਰ, ਭਾਰਤੀਆਂ ਲਈ ਸਭ ਤੋਂ ਵੱਧ ਵਿਦੇਸ਼ੀ ਮੰਜ਼ਿਲ ਅਮਰੀਕਾ ਹੈ, ਜਿਸ ਤੋਂ ਬਾਅਦ ਯੂਕੇ, ਕੈਨੇਡਾ, ਆਸਟਰੇਲੀਆ ਅਤੇ ਸਿੰਗਾਪੁਰ ਹਨ। ਅਧਿਐਨ 'ਚ ਕਿਹਾ ਗਿਆ ਹੈ ਕਿ ਬੱਚਿਆਂ ਦੀ ਵਿਦੇਸ਼ 'ਚ ਪੜ੍ਹਾਈ ਕਰਨ ਦੀ ਇੱਛਾ ਇੰਨੀ ਜ਼ਿਆਦਾ ਹੁੰਦੀ ਹੈ ਕਿ ਮਾਪੇ ਇਸ ਨੂੰ ਪੂਰਾ ਕਰਨ ਲਈ ਆਰਥਿਕ ਤਣਾਅ ਝੱਲਣ ਲਈ ਤਿਆਰ ਰਹਿੰਦੇ ਹਨ। ਹਾਲਾਂਕਿ, ਸਿੱਖਿਆ ਵਿੱਚ ਨਿਵੇਸ਼ ਕਰਨ ਲਈ ਉਹਨਾਂ ਨੂੰ ਆਪਣੀ ਰਿਟਾਇਰਮੈਂਟ ਬੱਚਤਾਂ ਨੂੰ ਕੁਰਬਾਨ ਕਰਨ ਦੀ ਵੀ ਲੋੜ ਹੋ ਸਕਦੀ ਹੈ। ਵਿਦੇਸ਼ਾਂ ਵਿੱਚ ਅਧਿਐਨ ਕਰਨ ਦੀ ਅੰਦਾਜ਼ਨ ਜਾਂ ਅਸਲ ਸਾਲਾਨਾ ਲਾਗਤ $62,364 ਹੈ। ਇਹ ਮਾਪਿਆਂ ਦੀ ਰਿਟਾਇਰਮੈਂਟ ਬਚਤ ਦਾ 64 ਪ੍ਰਤੀਸ਼ਤ ਤੱਕ ਖਪਤ ਕਰ ਸਕਦਾ ਹੈ।

ਅਧਿਐਨ ਰਿਪੋਰਟ ਦੇ ਅਨੁਸਾਰ, ਮਾਪੇ ਆਪਣੀ ਆਮ ਬੱਚਤ ਤੋਂ ਪੈਸੇ ਕਢਵਾ ਲੈਂਦੇ ਹਨ, ਕਰਜ਼ਾ ਲੈਂਦੇ ਹਨ ਅਤੇ ਇੱਥੋਂ ਤੱਕ ਕਿ ਬੱਚਿਆਂ ਨੂੰ ਵਿਦੇਸ਼ ਪੜ੍ਹਨ ਲਈ ਭੇਜਣ ਲਈ ਜਾਇਦਾਦ ਵੀ ਵੇਚਦੇ ਹਨ। ਸਰਵੇਖਣ ਵਿੱਚ ਕਿਹਾ ਗਿਆ ਹੈ ਕਿ ਵਿਦੇਸ਼ੀ ਸਿੱਖਿਆ ਨੂੰ ਮਹੱਤਵ ਦੇਣ ਪਿੱਛੇ ਮੁੱਖ ਕਾਰਨ ਵਿਦੇਸ਼ੀ ਸਿੱਖਿਆ ਦੀ ਗੁਣਵੱਤਾ ਹੈ ਜਦੋਂ ਕਿ ਕਿਸੇ ਖੇਤਰ ਵਿੱਚ ਮੁਹਾਰਤ ਹਾਸਲ ਕਰਨ ਦੀ ਸੰਭਾਵਨਾ ਦੂਜੇ ਨੰਬਰ 'ਤੇ ਆਉਂਦੀ ਹੈ। ਸਰਵੇਖਣ ਅਨੁਸਾਰ ਜਦੋਂ ਕੋਈ ਨੌਜਵਾਨ ਪੜ੍ਹਾਈ ਲਈ ਵਿਦੇਸ਼ ਜਾਂਦਾ ਹੈ ਤਾਂ ਮਾਪਿਆਂ ਦੀ ਸਭ ਤੋਂ ਵੱਡੀ ਚਿੰਤਾ ਵਿੱਤ ਜੁਟਾਉਣ ਦੀ ਹੁੰਦੀ ਹੈ। ਇਸ ਤੋਂ ਬਾਅਦ ਸਮਾਜਿਕ ਜਾਂ ਮਾਨਸਿਕ ਚਿੰਤਾਵਾਂ ਅਤੇ ਸਰੀਰਕ ਜਾਂ ਸਿਹਤ ਸੰਬੰਧੀ ਚਿੰਤਾਵਾਂ ਵੀ ਉਨ੍ਹਾਂ ਨੂੰ ਪਰੇਸ਼ਾਨ ਕਰਦੀਆਂ ਹਨ।

# ਹੈਰਿਸ ਨੂੰ ਵਿਸ਼ਵ ਪ੍ਰਸਿੱਧ ਗਾਇਕਾ ਟੇਲਰ ਸਵਿਫਟ ਦਾ ਮਿਲਿਆ ਸਮਰਥਨ



ਵਾਸ਼ਿੰਗਟਨ: ਮਸ਼ਹੂਰ ਗਾਇਕਾ ਟੇਲਰ ਸਵਿਫਟ ਮੰਗਲਵਾਰ ਰਾਤ ਨੂੰ ਡੈਮੋਕ੍ਰੇਟਿਕ ਪਾਰਟੀ ਦੀ ਰਾਸ਼ਟਰਪਤੀ ਅਹੁਦੇ ਦੀ ਉਮੀਦਵਾਰ ਕਮਲਾ ਹੈਰਿਸ ਅਤੇ ਰਿਪਬਲਿਕਨ ਉਮੀਦਵਾਰ ਡੋਨਾਲਡ ਟਰੰਪ ਵਿਚਕਾਰ ਬਹਿਸ ਖਤਮ ਹੋਣ ਤੋਂ ਬਾਅਦ ਹੈਰਿਸਮ ਸਮਰਥਨ 'ਚ ਸਾਹਮਣੇ ਆਈ ਹੈ। ਸਵਿਫ਼ਟ ਨੇ ਸੋਸ਼ਲ ਮੀਡੀਆ ਮੰਚ ਇੰਸਟਾਗ੍ਰਾਮ 'ਤੇ ਇਕ ਪੋਸਟ 'ਚ ਕਿਹਾ, ''ਮੈਨੂੰ ਲਗਦਾ ਹੈ ਕਿ ਉਹ ਇਕ ਦ੍ਰਿੜ ਅਤੇ ਪ੍ਰਤਿਭਾਸ਼ਾਲੀ ਨੇਤਾ ਹਨ ਅਤੇ ਮੇਰਾ ਮੰਨਣਾ ਹੈ ਕਿ ਜੇਕਰ ਸਾਨੂੰ ਅਰਾਜਕਤਾ ਦੀ ਬਜਾਏ ਸ਼ਾਂਤੀਪੂਰਵਕ ਅਗਵਾਈ ਦਿਤੀ ਜਾਵੇ ਤਾਂ ਅਸੀਂ ਬਹੁਤ ਕੁੱਝ ਹਾਸਲ ਕਰ ਸਕਦੇ ਹਾਂ।'' ਸਵਿਫ਼ਟ ਨੇ ਇਕ ਤਸਵੀਰ ਸਾਂਝੀ ਕੀਤੀ ਜਿਸ 'ਚ ਉਸ ਦੇ ਨਾਲ ਇਕ ਬਿੱਲੀ ਵੀ ਹੈ। ਤਸਵੀਰ 'ਤੇ ਸਵਿਫਟ ਨੇ ਲਿਖਿਆ, ''ਬੇਔਲਾਦ ਕੈਟ ਲੇਡੀ।'' ਦਰਅਸਲ, ਡੋਨਾਲਡ ਟਰੰਪ ਦੇ ਉਪ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰ ਜੇ.ਡੀ. ਵੈਨਸ ਨੇ ਇਹ ਟਿਪਣੀ ਕੀਤੀ ਸੀ।

## ਪੰਜਾਬ 'ਚ ਵੱਡੀ ਵਾਰਦਾਤ

# ਸਕੂਲ ਦੇ ਬਾਹਰ ਨੌਜਵਾਨ ਦਾ ਗੋਲੀਆਂ ਮਾਰ ਕੇ ਕਤਲ



ਬਟਾਲਾ- ਬਟਾਲਾ ਜ਼ਿਲ੍ਹੇ ਤੋਂ ਵੱਡੀ ਵਾਰਦਾਤ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ। ਦਰਅਸਲ ਇੱਥੇ ਸਕੂਲ ਨੇੜੇ ਤਾਬੜਤੋੜ ਗੋਲੀਬਾਰੀ ਹੋਈ ਜਿਸ ਕਾਰਨ ਸਕੂਲ ਦੇ ਬੱਚਿਆਂ 'ਚ ਦਹਿਸ਼ਤ ਦਾ ਮਾਹੌਲ ਬਣ ਗਿਆ। ਇਸ ਘਟਨਾ 'ਚ ਇਕ ਨੌਜਵਾਨ ਗੰਭੀਰ ਜ਼ਖ਼ਮੀ ਹੋ ਗਿਆ। ਨੌਜਵਾਨ ਦੀ ਹਾਲਤ ਗੰਭੀਰ ਹੋਣ ਮਗਰੋਂ ਉਸ ਨੂੰ ਇਲਾਜ ਲਈ ਬਟਾਲਾ ਦੇ ਸਿਵਲ ਹਸਪਤਾਲ 'ਚ ਲਿਜਾਇਆ ਗਿਆ, ਜਿਥੇ ਡਾਕਟਰਾਂ ਨੇ ਉਸ ਨੂੰ ਅੰਮ੍ਰਿਤਸਰ ਰੈਫ਼ਰ ਕਰ ਦਿੱਤਾ ਅਤੇ ਰਸਤੇ 'ਚ ਹੀ ਨੌਜਵਾਨ ਨੇ ਦਮ ਤੋੜ ਦਿੱਤਾ। ਵਾਰਦਾਤ ਦੀ ਸਾਰੀ ਘਟਨਾ ਸਕੂਲ ਦੇ ਬਾਹਰ ਲੱਗੇ ਕੈਮਰੇ ਵਿੱਚ ਕੈਦ ਹੋ ਗਈ। ਜਾਣਕਾਰੀ ਮੁਤਾਬਕ ਇਹ ਘਟਨਾ ਬਟਾਲਾ ਦੀ ਪੋਸ਼ ਕਾਲੋਨੀ ਰਾਧਾ ਕ੍ਰਿਸ਼ਨਨ 'ਚ ਸਵੇਰੇ 11 ਵਜੇ ਦੇ ਕਰੀਬ ਵਾਪਰੀ, ਜਿੱਥੇ ਦੋ ਮੋਟਰਸਾਈਕਲ ਸਵਾਰ ਨੌਜਵਾਨਾਂ ਨੇ ਗੋਲੀਆਂ ਚਲਾ ਦਿੱਤੀਆਂ। ਸ਼ੁਰੂਆਤੀ ਜਾਂਚ 'ਚ ਸਾਹਮਣੇ ਆਇਆ ਹੈ ਕਿ ਗੋਲੀ ਚਲਾਉਣ ਵਾਲਾ ਨੌਜਵਾਨ ਜਿਮ ਚਲਾਉਂਦਾ ਹੈ, ਹਾਲਾਂਕਿ ਬਾਰੇ ਅਜੇ ਕੁਝ ਪਤਾ ਨਹੀਂ ਲੱਗ ਸਕਿਆ ਹੈ। ਇਸ ਤੋਂ ਇਲਾਵਾ ਇਹ ਵੀ ਪਤਾ ਲੱਗਾ ਹੈ ਕਿ ਘਟਨਾ ਵਾਲੀ ਥਾਂ ਤੋਂ 100 ਮੀਟਰ ਦੀ ਦੂਰੀ 'ਤੇ ਇਕ ਆਮ ਆਦਮੀ ਪਾਰਟੀ ਦੇ ਆਗੂ ਦਾ ਘਰ ਹੈ, ਜਿਸ ਦੇ ਗੰਨਮੈਨ ਨੇ ਗੋਲੀ ਚੱਲਣ ਦੀ ਆਵਾਜ਼ ਸੁਣ ਕੇ ਮੌਕੇ 'ਤੇ ਹੀ ਮੁਲਜ਼ਮ ਨੂੰ ਬੜੀ ਮੁਸ਼ੱਕਤ ਤੋਂ ਕਾਬੂ ਲਿਆ ਗਿਆ ਹੈ ਅਤੇ ਉਸ ਪਾਸੋਂ ਪਿਸਤੌਲ ਵੀ ਬਰਾਮਦ ਕਰ ਲਈ ਗਈ। ਫਿਲਹਾਲ ਸੂਚਨਾ ਮਿਲਦੇ ਹੀ ਪੁਲਸ ਮੌਕੇ 'ਤੇ ਪਹੁੰਚ ਗਈ ਹੈ, ਜੋ ਕਿ ਸੀ.ਸੀ.ਟੀ.ਵੀ. ਦੇ ਆਧਾਰ 'ਤੇ ਜਾਂਚ ਕਰ ਰਹੀ ਹੈ।

# ਕੈਨੇਡਾ ਦੀ ਸਿਆਸਤ 'ਚ ਹਲਚਲ, ਟਰੂਡੋ ਸਰਕਾਰ ਵਿਰੁੱਧ ਬੇਭਰੋਸਗੀ ਮਤੇ ਦੀ ਯੋਜਨਾ ਦੇ ਸੰਕੇਤ



ਟੋਰਾਂਟੋ- ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀਆਂ ਮੁਸ਼ਕਲਾਂ ਵਧਦੀਆਂ ਜਾ ਰਹੀਆਂ ਹਨ। ਕੈਨੇਡਾ ਦੇ ਕੰਜ਼ਰਵੇਟਿਵ ਨੇਤਾ ਪੀਅਰੇ ਪੋਲੀਵਰੇ ਨੇ ਬੁੱਧਵਾਰ ਨੂੰ ਕਿਹਾ ਕਿ ਉਨ੍ਹਾਂ ਦੀ ਪਾਰਟੀ ਟਰੂਡੋ ਦੀ ਲਿਬਰਲ ਸਰਕਾਰ ਨੂੰ ਸੱਤਾ ਤੋਂ ਹਟਾਉਣ ਲਈ "ਜਲਦੀ ਤੋਂ ਜਲਦੀ" ਅਵਿਸ਼ਵਾਸ ਦਾ ਪ੍ਰਸਤਾਵ ਲਿਆਉਣ ਦੀ ਯੋਜਨਾ ਬਣਾ ਰਹੀ ਹੈ। ਪੋਲੀਵਰੇ ਨੇ ਨਿਊ ਡੈਮੋਕ੍ਰੇਟਿਕ ਪਾਰਟੀ ਦੇ ਨੇਤਾ ਜਗਮੀਤ ਸਿੰਘ ਨੂੰ ਵੀ ਪ੍ਰਸਤਾਵ ਦਾ ਸਮਰਥਨ ਕਰਨ ਅਤੇ ਚੋਣਾਂ ਕਰਾਉਣ ਦਾ ਸੱਦਾ ਦਿੱਤਾ। ਪੋਲੀਵਰੇ ਨੇ ਇਕ ਪ੍ਰੈਸ ਕਾਨਫਰੰਸ ਵਿਚ ਕਿਹਾ,"ਕੀ ਜਗਮੀਤ ਸਿੰਘ ਕੈਨੇਡੀਅਨਾਂ ਨੂੰ ਦੁਬਾਰਾ ਵੇਚ ਦੇਵੇਗਾ?" ਓਟਾਵਾ ਵਿੱਚ "ਐਨ.ਡੀ.ਪੀ ਲਈ ਜਾਂ ਤਾਂ ਚੁੱਪ ਰਹਿਣ ਦਾ ਸਮਾਂ ਹੈ ਜਾਂ ਕੰਮ ਕਰਨ ਦਾ।"

ਉੱਧਰ ਸਿੰਘ ਨੇ ਇਹ ਕਹਿਣ ਤੋਂ ਇਨਕਾਰ ਕਰ ਦਿੱਤਾ ਕਿ ਕੀ ਉਨ੍ਹਾਂ ਦੀ ਪਾਰਟੀ ਕੰਜ਼ਰਵੇਟਿਵਾਂ ਦਾ ਸਮਰਥਨ ਕਰੇਗੀ। ਮਾਂਟਰੀਅਲ ਵਿੱਚ ਪਾਰਟੀ ਕਾਕਸ ਦੀ ਮੀਟਿੰਗ ਦੌਰਾਨ ਸਿੰਘ ਨੇ ਕਿਹਾ,"ਮੈਂ ਕਿਹਾ ਹੈ ਕਿ ਅਸੀਂ ਕਿਸੇ ਵੀ ਵੋਟ 'ਤੇ ਵਿਚਾਰ ਕਰਾਂਗੇ ਅਤੇ ਫਿਰ ਆਪਣਾ ਫ਼ੈਸਲਾ ਲਵਾਂਗੇ। ਅਸੀਂ ਫ਼ੈਸਲਾ ਕਰਾਂਗੇ ਕਿ ਕੈਨੇਡੀਅਨਾਂ ਦੇ ਹਿੱਤ ਵਿੱਚ ਕੀ ਹੈ।" ਸਿੰਘ ਮੁਤਾਬਕ ਉਹ ਪੀਅਰੇ ਪੋਲੀਵਰੇ ਦੇ ਉਲਟ ਅਸਲ ਵਿੱਚ ਕੈਨੇਡੀਅਨਾਂ ਲਈ ਕੰਮ ਕਰਨਾ ਚਾਹੁੰਦੇ ਹਨ। ਸਿੰਘ ਨੇ ਸੋਮਵਾਰ ਨੂੰ ਦੋ ਉਪ-ਚੋਣਾਂ ਤੋਂ ਪਹਿਲਾਂ ਜਵਾਬ ਦੇਣ ਦੀ ਪੋਲੀਵਰੇ ਦੀ ਮੰਗ ਨੂੰ ਰੱਦ ਕਰ ਦਿੱਤਾ। ਸਿੰਘ ਨੇ ਕਿਹਾ, "ਮੈਂ ਪੋਲੀਵਰੇ ਨੂੰ ਸਿੱਧਾ ਦੱਸਦਾ ਹਾਂ ਕਿ ਮੈਂ ਤੁਹਾਡੀ ਗੱਲ ਨਹੀਂ ਸੁਣਾਂਗਾ"।

ਜ਼ਿਕਰਯੋਗ ਹੈ ਕਿ ਪਿਛਲੇ ਹਫ਼ਤੇ ਹੀ ਐਨ.ਡੀ.ਪੀ ਨੇ ਟਰੂਡੋ ਦੀ ਘੱਟ ਗਿਣਤੀ ਲਿਬਰਲ ਸਰਕਾਰ ਨਾਲ ਸਪਲਾਈ ਅਤੇ ਭਰੋਸੇ ਦੇ ਸਮਝੌਤੇ ਤੋਂ ਖੁਦ ਨੂੰ ਵੱਖ ਕਰ ਲਿਆ ਸੀ ਜਿਸ ਨੇ ਇਸਨੂੰ ਸੱਤਾ ਵਿੱਚ ਬਣੇ ਰਹਿਣ ਵਿੱਚ ਮਦਦ ਕੀਤੀ ਸੀ। 2022 ਵਿੱਚ ਹੋਣ ਵਾਲੇ ਸਮਝੌਤੇ ਦਾ ਮਤਲਬ ਸੀ ਕਿ 'ਧਫ ਸਾਂਝੀਆਂ ਤਰਜੀਹਾਂ 'ਤੇ ਤਰੱਕੀ ਦੇ ਬਦਲੇ ਅਵਿਸ਼ਵਾਸ ਵੋਟਾਂ 'ਤੇ ਸੰਘੀ ਸਰਕਾਰ ਦਾ ਸਮਰਥਨ ਕਰੇਗੀ। ਅਗਲੀ ਕੈਨੇਡੀਅਨ ਫੈਡਰਲ ਚੋਣਾਂ ਅਕਤੂਬਰ 2025 ਨੂੰ ਹੋਣੀਆਂ ਹਨ। 338 ਕੈਨੇਡੀਅਨ ਹਾਊਸ ਆਫ ਕਾਮਨਜ਼ ਵਿੱਚ ਲਿਬਰਲਾਂ ਕੋਲ ਇਸ ਵੇਲੇ 154 ਸੀਟਾਂ ਹਨ। ਕੰਜ਼ਰਵੇਟਿਵ ਕੋਲ 119 ਅਤੇ ਐਨ.ਡੀ.ਪੀ ਕੋਲ 24 ਸੀਟਾਂ ਹਨ। ਬਲਾਕ ਕਿਊਬੇਕੋਇਸ, ਸਿਰਫ ਕਿਊਬਿਕ ਵਿੱਚ ਅਧਾਰਤ ਅਤੇ ਕਿਊਬਿਕ ਪ੍ਰਭੂਸੱਤਾ ਨੂੰ ਸਮਰਪਿਤ ਪਾਰਟੀ, ਦੀਆਂ 32 ਸੀਟਾਂ ਹਨ। ਜ਼ਿਆਦਾਤਰ ਸਰਵੇਖਣਾਂ 'ਚ ਕੰਜ਼ਰਵੇਟਿਵ ਪਾਰਟੀ ਲਿਬਰਲ ਪਾਰਟੀ ਤੋਂ ਕਾਫੀ ਅੱਗੇ ਹੈ, ਜਦਕਿ ਐਨ.ਡੀ.ਪੀ ਤੀਜੇ ਸਥਾਨ 'ਤੇ ਹੈ। ਟਰੂਡੋ ਬਹੁਤ ਸਾਰੇ ਵੋਟਰਾਂ ਵਿੱਚ ਵੀ ਬਹੁਤ ਲੋਕਪ੍ਰਿਅ ਨਹੀਂ ਹਨ।












# ਆਰਜੀ ਕਰ ਹਸਪਤਾਲ ਵਿੱਤੀ ਬੇਨਿਯਮੀਆਂ ਦਾ ਮਾਮਲਾ: ਈਡੀ ਵੱਲੋਂ ਕੋਲਕਾਤਾ 'ਚ ਵੱਖ-ਵੱਖ ਥਾਵਾਂ 'ਤੇ ਛਾਪੇ



ਕੋਲਕਾਤਾ (ਪੰਜਾਬ ਸਟਾਰ) : ਐਨਫੋਰਸਮੈਂਟ ਡਾਇਰੈਕਟੋਰੇਟ ਦੇ ਅਧਿਕਾਰੀਆਂ ਨੇ ਕੋਲਕਾਤਾ ਦੇ ਆਰਜੀ ਕਰ ਹਸਪਤਾਲ ਵਿੱਚ ਕਥਿਤ ਵਿੱਤੀ ਬੇਨਿਯਮੀਆਂ ਦੇ ਸਬੰਧ ਵਿੱਚ ਗ੍ਰਿਫ਼ਤਾਰ ਕੀਤੇ ਗਏ ਸਾਬਕਾ ਪ੍ਰਿੰਸੀਪਲ ਸੰਦੀਪ ਘੋਸ਼ ਦੇ ਨੇੜਲੇ ਲੋਕਾਂ ਦੀਆਂ ਰਿਹਾਇਸ਼ਾਂ ਅਤੇ ਦਫ਼ਤਰਾਂ 'ਤੇ ਅੱਜ ਛਾਪੇ ਮਾਰੇ। ਇਕ ਅਧਿਕਾਰੀ ਨੇ ਇਹ ਜਾਣਕਾਰੀ ਦਿੱਤੀ। ਇਕ ਅਧਿਕਾਰੀ ਨੇ ਦੱਸਿਆ ਕਿ ਈਡੀ ਦੇ ਅਧਿਕਾਰੀਆਂ ਨੇ ਕੋਲਕਾਤਾ ਦੇ ਤਾਲਾ ਇਲਾਕੇ ਵਿੱਚ ਚੰਦਨ ਲੋਹਯਾ ਦੇ ਫਲੈਟ ਅਤੇ ਕਾਲਿੰਦੀ ਸਥਿਤ ਦਫਤਰ ਵਿੱਚ ਛਾਪੇ ਮਾਰੇ। ਈਡੀ ਦੀ ਇਕ ਹੋਰ ਟੀਮ ਨੇ ਉੱਤਰ 24 ਪਰਗਨਾ ਜ਼ਿਲ੍ਹੇ ਦੇ ਚਿਨਾਰ ਪਾਰਕ ਸਥਿਤ ਘੋਸ਼ ਦੇ ਜੱਦੀ ਘਰ 'ਤੇ ਵੀ ਛਾਪਾ ਮਾਰਿਆ।

ਉਨ੍ਹਾਂ ਦੱਸਿਆ, ''ਸਾਡੇ ਅਧਿਕਾਰੀ ਲੋਹਯਾ ਅਤੇ ਉਸ ਦੀ ਪਤਨੀ ਕੋਲੋਂ ਪੁੱਛ ਪੜਤਾਲ ਕਰ ਰਹੇ ਹਨ। ਘੋਸ਼ ਨੇ ਟੈਂਡਰ ਦੇਣ ਵਿੱਚ ਉਸ ਦੀ ਮਦਦ ਕੀਤੀ ਸੀ।'' ਉਨ੍ਹਾਂ ਕਿਹਾ, ''ਈਡੀ ਦੀ ਇਕ ਹੋਰ ਟੀਮ ਆਰਜੀ ਕਰ ਹਸਪਤਾਲ ਨੂੰ ਉਪਕਰਨ ਸਪਲਾਈ ਕਰਨ ਵਾਲੀ ਸੰਸਥਾ ਦੇ ਦਫ਼ਤਰ ਵਿੱਚ ਵੀ ਦਸਤਾਵੇਜ਼ਾਂ ਦੀ ਜਾਂਚ ਕਰ ਰਹੀ ਹੈ। ਸਰਕਾਰੀ ਹਸਪਤਾਲ ਅਤੇ ਸੰਸਥਾ ਵਿਚਾਲੇ ਕੁਝ ਸ਼ੱਕੀ ਲੈਣ-ਦੇਣ ਹੈ।'' ਈਡੀ ਦੇ ਨਾਲ ਸੀਬੀਆਈ ਵੀ ਸਰਕਾਰ ਹਸਪਤਾਲ ਵਿੱਚ ਕਥਿਤ ਬੇਨਿਯਮੀਆਂ ਦੀ ਜਾਂਚ ਕਰ ਰਹੀ ਹੈ। ਸੀਬੀਆਈ ਨੇ ਇਸ ਮਾਮਲੇ ਵਿੱਚ ਘੋਸ਼ ਅਤੇ ਉਸ ਦੇ ਤਿੰਨ ਸਾਥੀਆਂ ਨੂੰ ਗ੍ਰਿਫ਼ਤਾਰ ਕੀਤਾ ਸੀ।

# ਪੰਜਾਬ ਵਿੱਚ ਵਿੱਤੀ ਐਮਰਜੈਂਸੀ ਵਰਗੇ ਹਾਲਾਤ: ਰਾਜਾ ਵੜਿੰਗ

## ਕਾਂਗਰਸੀਆਂ ਵੱਲੋਂ ਤੇਲ ਅਤੇ ਬਿਜਲੀ ਕੀਮਤਾਂ 'ਚ ਵਾਧੇ ਖ਼ਿਲਾਫ਼ ਧਰਨਾ



ਪਟਿਆਲਾ (ਪੰਜਾਬ ਸਟਾਰ): ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦੀ ਅਗਵਾਈ ਹੇਠ ਪਾਰਟੀ ਆਗੂਆਂ ਨੇ ਇਥੇ ਸਥਿਤ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ (ਪੀਐੱਸਪੀਸੀਐੱਲ) ਦੇ ਮੁੱਖ ਦਫ਼ਤਰ ਦੇ ਬਾਹਰ ਧਰਨਾ ਦਿੱਤਾ। ਇਸ ਧਰਨੇ 'ਚ ਬੀਬੀਆਂ ਸਣੇ ਵੱਡੀ ਗਿਣਤੀ ਕਾਂਗਰਸੀ ਵਰਕਰਾਂ ਅਤੇ ਆਗੂਆਂ ਨੇ ਹਿੱਸਾ ਲਿਆ। ਇਸ ਮੌਕੇ ਕਾਂਗਰਸੀ ਆਗੂਆਂ ਨੇ ਪੰਜਾਬ ਸਰਕਾਰ ਵੱਲੋਂ ਡੀਜ਼ਲ, ਪੈਟਰੋਲ ਦੇ ਭਾਅ ਸਣੇ ਬਿਜਲੀ ਦਰਾਂ 'ਚ ਕੀਤੇ ਵਾਧੇ ਖ਼ਿਲਾਫ਼ ਜ਼ੋਰਦਾਰ ਨਾਅਰੇਬਾਜ਼ੀ ਕੀਤੀ। ਇਸ ਮੌਕੇ ਕਾਂਗਰਸ ਪ੍ਰਧਾਨ ਨੇ ਕਿਹਾ ਹੈ ਕਿ ਪੰਜਾਬ ਵਿੱਚ ਵਿੱਤੀ ਐਮਰਜੈਂਸੀ ਵਰਗੇ ਹਾਲਾਤ ਬਣ ਗਏ ਹਨ ਕਿਉਂਕਿ ਸੂਬੇ ਦੀ 'ਆਪ' ਸਰਕਾਰ ਨੇ ਕੇਂਦਰ ਸਰਕਾਰ ਤੋਂ ਵਾਧੂ ਕਰਜ਼ਾ ਲੈਣ ਦੀ ਆਗਿਆ ਮੰਗੀ ਹੈ। ਇਸ ਤੋਂ ਸਪੱਸ਼ਟ ਹੋ ਗਿਆ ਹੈ ਕਿ 60 ਹਜ਼ਾਰ ਕਰੋੜ ਦਾ ਕਰਜ਼ਾ ਹੁਣ ਤੋਂ ਪਹਿਲਾਂ ਲਿਆ ਜਾ ਚੁੱਕਿਆ ਹੈ। ਉਨ੍ਹਾਂ ਕਿਹਾ ਕਿ ਜੇ ਹੁਣ ਪੰਜਾਬ ਸਰਕਾਰ ਹੋਰ ਕਰਜ਼ਾ ਲੈਂਦੀ ਹੈ ਤਾਂ ਸੂਬੇ 'ਤੇ ਹੋਰ ਭਾਰ ਪਵੇਗਾ। ਉਨ੍ਹਾਂ ਇਹ ਵੀ ਕਿਹਾ ਕਿ ਜੇ ਪੰਜਾਬ ਸਰਕਾਰ ਇਹ ਕਰਜ਼ਾ ਲੈਣ ਤੋਂ ਵਾਂਝੀ ਰਹਿ ਜਾਂਦੀ ਹੈ ਤਾਂ ਮੁਲਾਜ਼ਮਾਂ ਨੂੰ ਤਨਖ਼ਾਹਾਂ ਦੇਣੀਆਂ ਵੀ ਮੁਸ਼ਕਲ ਹੋ ਜਾਣਗੀਆਂ। ਰਾਜਾ ਵੜਿੰਗ ਨੇ ਕਿਹਾ ਕਿ ਆਮ ਲੋਕਾਂ ਦੀ ਸਰਕਾਰ ਬਣ ਕੇ ਆਈ 'ਆਪ' ਸਰਕਾਰ ਨੇ ਪੰਜਾਬ ਨੂੰ ਕੰਗਾਲ ਕਰ ਦਿੱਤਾ ਹੈ। ਇਸ ਦੇ ਨਾਲ-ਨਾਲ ਉਹ ਤੇਲ ਤੇ ਬਿਜਲੀ ਦੀਆਂ ਕੀਮਤਾਂ ਵਿੱਚ ਵਾਧਾ ਕਰਕੇ ਪੰਜਾਬ ਦੇ ਆਮ ਲੋਕਾਂ ਨੂੰ ਵੀ ਸਜ਼ਾ ਦੇ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਾਸੀਆਂ ਨੂੰ ਹੁਣ ਇਕਜੁੱਟ ਹੋ ਕੇ 'ਆਪ' ਸਰਕਾਰ ਵਿਰੁੱਧ ਲੜਾਈ ਲੜਨੀ ਪਵੇਗੀ। ਲੋਕ ਸਭਾ ਮੈਂਬਰ ਡਾ. ਧਰਮਵੀਰ ਗਾਂਧੀ ਨੇ ਕਿਹਾ ਕਿ ਆਮ ਆਦਮੀ ਪਾਰਟੀ ਵਾਲੇ ਕਹਿੰਦੇ ਸਨ ਕਿ ਉਹ ਰੇਤੇ ਅਤੇ ਬਜਰੀ ਤੋਂ ਹੀ ਵਾਧੂ ਪੈਸਾ ਕਮਾ ਲੈਣਗੇ ਤੇ ਬਜਟ ਵਿੱਚ ਸੋਧਾਂ ਕਰ ਕੇ ਪੰਜਾਬੀਆਂ ਨੂੰ ਵਾਧੂ ਸਹੂਲਤਾਂ ਦੇਣਗੇ ਪਰ ਉਨ੍ਹਾਂ ਨੂੰ ਸਰਕਾਰ ਚਲਾਉਣ ਲਈ ਹੀ ਕਰਜ਼ਾ ਲੈਣਾ ਪੈ ਰਿਹਾ ਹੈ, ਜਿਸ ਕਰ ਕੇ ਪੰਜਾਬ ਦਾ ਹਾਲ ਅੱਗੇ ਚੰਗਾ ਨਜ਼ਰ ਨਹੀਂ ਆ ਰਿਹਾ। ਪੰਜਾਬ ਮਹਿਲਾ ਕਾਂਗਰਸ ਦੀ ਪ੍ਰਧਾਨ ਬੀਬੀ ਗੁਰਸ਼ਰਨ ਕੌਰ ਰੰਧਾਵਾ ਨੇ ਹਜ਼ਾਰਾਂ ਦੀ ਗਿਣਤੀ ਵਿਚ ਮਹਿਲਾਵਾਂ ਸਮੇਤ ਸ਼ਮੂਲੀਅਤ ਕਰਦਿਆਂ ਕਿਹਾ ਕਿ ਤੇਲ ਮਹਿੰਗੇ ਹੋਣ ਨਾਲ ਸਾਰੇ ਕਿਰਾਏ ਵੀ ਮਹਿੰਗੇ ਹੋਣਗੇ, ਜਿਸ ਕਰਕੇ ਆਮ ਲੋਕਾਂ ਨੂੰ ਭਾਰੀ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪਵੇਗਾ।

# ਗਣੇਸ਼ ਵਿਸਰਜਨ ਦੌਰਾਨ ਇੱਕੋ ਪਰਿਵਾਰ ਦੇ ਡੁੱਬੇ 7 ਲੋਕ, 4 ਦੀ ਮੌਤ



ਗੁਜਰਾਤ ਦੇ ਪਾਟਨ ਜ਼ਿਲ੍ਹੇ ਵਿੱਚ ਗਣਪਤੀ ਵਿਸਰਜਨ ਦੌਰਾਨ ਇੱਕ ਬਹੁਤ ਹੀ ਦੁਖਦਾਈ ਘਟਨਾ ਵਾਪਰੀ ਹੈ। ਗਣੇਸ਼ ਵਿਸਰਜਨ ਲਈ ਆਏ ਸੱਤ ਲੋਕ ਪਾਟਨ ਦੀ ਸਰਸਵਤੀ ਨਦੀ ਵਿੱਚ ਡੁੱਬ ਗਏ। ਇਨ੍ਹਾਂ 'ਚੋਂ 3 ਲੋਕਾਂ ਦਾ ਬਚਾਅ ਹੋ ਗਿਆ ਜਦਕਿ 4 ਦੀ ਮੌਤ ਹੋ ਗਈ। ਇਸ ਘਟਨਾ ਨੂੰ ਲੈ ਕੇ ਪੂਰੇ ਸ਼ਹਿਰ 'ਚ ਸੋਗ ਦਾ ਮਾਹੌਲ ਹੈ। ਗੁਜਰਾਤ ਵਿੱਚ ਹੀ ਨਹੀਂ ਪੂਰੇ ਦੇਸ਼ ਵਿੱਚ ਗਣੇਸ਼ ਉਤਸਵ ਮਨਾਇਆ ਜਾ ਰਿਹਾ ਹੈ। ਕਈ ਲੋਕ ਆਪੋ-ਆਪਣੇ ਰੀਤੀ-ਰਿਵਾਜਾਂ ਅਨੁਸਾਰ ਭਗਵਾਨ ਗਣੇਸ਼ ਦੀ ਮੂਰਤੀ ਦਾ ਵਿਸਰਜਨ ਵੀ ਕਰ ਰਹੇ ਹਨ।

ਇਸ ਦੇ ਨਾਲ ਹੀ ਗੁਜਰਾਤ ਦੇ ਪਾਟਨ ਸ਼ਹਿਰ 'ਚ ਗਣੇਸ਼ ਵਿਸਰਜਨ ਦੌਰਾਨ ਵੱਡਾ ਹਾਦਸਾ ਹੋ ਗਿਆ। ਸਰਸਵਤੀ ਨਦੀ ਦੇ ਬੈਰਾਜ 'ਚ ਗਣੇਸ਼ ਵਿਸਰਜਨ ਦੌਰਾਨ ਇਕ ਹੀ ਪਰਿਵਾਰ ਦੇ 7 ਮੈਂਬਰ ਡੁੱਬ ਗਏ। ਇਨ੍ਹਾਂ ਵਿੱਚੋਂ ਚਾਰ ਦੀ ਮੌਤ ਹੋ ਚੁੱਕੀ ਹੈ। ਹਾਲਾਂਕਿ ਤਿੰਨ ਦਾ ਬਚਾਅ ਹੋ ਗਿਆ। ਘਟਨਾ ਦੀ ਸੂਚਨਾ ਮਿਲਦੇ ਹੀ ਪੁਲਿਸ ਕਰਮਚਾਰੀ ਮੌਕੇ 'ਤੇ ਪਹੁੰਚ ਗਏ। ਘਟਨਾ ਵਾਲੀ ਥਾਂ 'ਤੇ ਪੰਜ 108 ਐਂਬੂਲੈਂਸਾਂ ਵੀ ਤਾਇਨਾਤ ਕੀਤੀਆਂ ਗਈਆਂ ਹਨ। ਮ੍ਰਿਤਕਾਂ ਦੀ ਪਛਾਣ ਸ਼ੀਤਲਬੇਨ, ਨਿਤਿਨਭਾਈ ਪ੍ਰਜਾਪਤੀ, ਜਿਤਿਨ ਨਿਤਿਨਭਾਈ ਪ੍ਰਜਾਪਤੀ, ਦਕਸ਼ ਨਿਤਿਨਭਾਈ ਪ੍ਰਜਾਪਤੀ, ਨਯਨ ਰਮੇਸ਼ਭਾਈ ਪ੍ਰਜਾਪਤੀ ਵਜੋਂ ਹੋਈ ਹੈ।

# ਕੀਨੀਆ: ਅਡਾਨੀ ਗਰੁੱਪ ਖ਼ਿਲਾਫ਼ ਪ੍ਰਦਰਸ਼ਨ ਕਾਰਨ ਹਵਾਈ ਉਡਾਣਾਂ ਪ੍ਰਭਾਵਿਤ



ਨੈਰੋਬੀ : ਕੀਨੀਆ ਸਰਕਾਰ ਅਤੇ ਭਾਰਤ ਦੇ ਉਦਯੋਗਪਤੀ ਗੌਤਮ ਅਡਾਨੀ ਦੀ ਅਗਵਾਈ ਵਾਲੇ ਅਡਾਨੀ ਗਰੁੱਪ ਦਰਮਿਆਨ ਹੋਏ ਸਮਝੌਤੇ ਦੇ ਵਿਰੋਧ ਵਿੱਚ ਅੱਜ ਦੇਸ਼ ਦੇ ਮੁੱਖ ਹਵਾਈ ਅੱਡੇ 'ਤੇ ਸੈਂਕੜੇ ਵਰਕਰਾਂ ਨੇ ਪ੍ਰਦਰਸ਼ਨ ਕੀਤਾ, ਜਿਸ ਕਾਰਨ ਉਡਾਣਾਂ ਪ੍ਰਭਾਵਿਤ ਹੋਈਆਂ ਅਤੇ ਸੈਂਕੜੇ ਯਾਤਰੀ ਹਵਾਈ ਅੱਡੇ 'ਤੇ ਫਸੇ ਰਹੇ। ਸਰਕਾਰ ਨੇ ਕਿਹਾ ਕਿ ਅਡਾਨੀ ਗਰੁੱਪ ਨਾਲ ਉਸਾਰੀ ਅਤੇ ਸੰਚਾਲਨ ਸਮਝੌਤੇ ਤਹਿਤ ਜੋਮੋ ਕੀਨੀਅੱਟਾ ਕੌਮਾਂਤਰੀ ਹਵਾਈ ਅੱਡੇ ਦਾ ਨਵੀਨੀਕਰਨ ਕੀਤਾ ਜਾਵੇਗਾ ਅਤੇ ਇੱਕ ਹੋਰ ਰਨਵੇਅ ਤੇ ਟਰਮੀਨਲ ਬਣਾਏ ਜਾਣਗੇ। ਇਸ ਸਮਝੌਤੇ ਤਹਿਤ ਅਡਾਨੀ ਗਰੁੱਪ ਵੱਲੋਂ 30 ਸਾਲਾਂ ਤੱਕ ਹਵਾਈ ਅੱਡੇ ਦਾ ਸੰਚਾਲਨ ਕੀਤਾ ਜਾਵੇਗਾ।

'ਕੀਨੀਆ ਏਅਰਪੋਰਟ ਵਰਕਰਜ਼ ਯੂਨੀਅਨ' ਨੇ ਹੜਤਾਲ ਦਾ ਐਲਾਨ ਕਰਦਿਆਂ ਦੋਸ਼ ਲਾਇਆ ਕਿ ਇਸ ਸਮਝੌਤੇ ਨਾਲ ਲੋਕਾਂ ਦੇ ਰੁਜ਼ਗਾਰ ਖੁੱਸ ਜਾਣਗੇ ਅਤੇ ਜਿਨ੍ਹਾਂ ਦੀਆਂ ਨੌਕਰੀਆਂ ਬਚੀਆਂ ਰਹਿਣਗੀਆਂ ਉਨ੍ਹਾਂ 'ਤੇ 'ਸੇਵਾ ਦੇ ਬੇਹੱਦ ਖ਼ਰਾਬ ਨਿਯਮ ਤੇ ਸ਼ਰਤਾਂ' ਲਾਈਆਂ ਜਾਣਗੀਆਂ। ਨੈਰੋਬੀ ਵਿੱਚ ਸੇਵਾ ਦੇਣ ਵਾਲੀ ਜਹਾਜ਼ ਕੰਪਨੀ 'ਕੀਨੀਆ ਏਅਰਵੇਜ਼' ਨੇ ਐਲਾਨ ਕੀਤਾ ਕਿ ਹਵਾਈ ਅੱਡੇ 'ਤੇ ਜਾਰੀ ਹੜਤਾਲ ਕਾਰਨ ਹਵਾਈ ਉਡਾਣਾਂ 'ਚ ਦੇਰੀ ਹੋਵੇਗੀ ਤੇ ਉਡਾਣਾਂ ਰੱਦ ਵੀ ਕਰਨੀਆਂ ਪੈ ਸਕਦੀਆਂ ਹਨ। ਹਵਾਈ ਅੱਡਾ ਕਰਮਚਾਰੀਆਂ ਨੇ ਪਿਛਲੇ ਹਫ਼ਤੇ ਹੜਤਾਲ ਦੀ ਚਿਤਾਵਨੀ ਦਿੱਤੀ ਸੀ ਪਰ ਸਰਕਾਰ ਨਾਲ ਗੱਲਬਾਤ ਹੋਣ ਤੱਕ ਵਾਪਸ ਲੈ ਲਈ ਸੀ। ਸੈਂਟਰਲ ਆਰਗੇਨਾਈਜੇਸ਼ਨ ਆਫ ਟਰੇਡ ਯੂਨੀਅਨਜ਼ ਦੇ ਜਨਰਲ ਸਕੱਤਰ ਫਰਾਂਸਿਸ ਅਤਵੋਲੀ ਨੇ ਹਵਾਈ ਅੱਡੇ 'ਤੇ ਕਿਹਾ ਕਿ ਸਰਕਾਰ ਵਰਕਰਾਂ ਨੂੰ ਲਿਖਤੀ ਤੌਰ 'ਤੇ ਯਕੀਨੀ ਦਿਵਾਏ ਕਿ ਉਨ੍ਹਾਂ ਦੀਆਂ ਨੌਕਰੀਆਂ ਨਹੀਂ ਜਾਣਗੀਆਂ। ਪਿਛਲੇ ਹਫ਼ਤੇ ਸਥਾਨਕ ਮੀਡੀਆ ਦੀਆਂ ਖ਼ਬਰਾਂ ਮੁਤਾਬਕ, ਹਵਾਈ ਅੱਡਾ ਅਧਿਕਾਰੀਆਂ ਨਾਲ ਅਣਪਛਾਤੇ ਲੋਕਾਂ ਨੂੰ ਉਥੇ ਨੇੜੇ-ਤੇੜੇ ਘੁੰਮਦੇ ਦੇਖਿਆ ਗਿਆ ਜਿਨ੍ਹਾਂ ਦੀਆਂ ਤਸਵੀਰਾਂ ਵੀ ਸਾਹਮਣੇ ਆਈਆਂ ਹਨ। ਇਸ ਨਾਲ ਇਹ ਚਿੰਤਾ ਵਧ ਗਈ ਕਿ ਭਾਰਤੀ ਕੰਪਨੀ ਦੇ ਅਧਿਕਾਰੀ ਸਮਝੌਤੇ ਲਈ ਤਿਆਰ ਹਨ। ਹਾਈ ਕੋਰਟ ਨੇ ਸੁਣਵਾਈ ਹੋਣ ਤੱਕ ਸਮਝੌਤਾ ਲਾਗੂ ਕਰਨ 'ਤੇ ਆਰਜ਼ੀ ਰੋਕ ਲਾ ਦਿੱਤੀ ਹੈ।

# ਐਲਨ ਮਸਕ 2027 ਤੱਕ ਬਣ ਸਕਦੇ ਹਨ ਦੁਨੀਆ ਦੇ ਪਹਿਲੇ ਖਰਬਪਤੀ



ਨਵੀਂ ਦਿੱਲੀ : ਇਲੈਕਟ੍ਰਿਕ ਕਾਰ ਨਿਰਮਾਤਾ ਕੰਪਨੀ ਟੈਸਲਾ ਅਤੇ ਸਪੇਸ ਐਕਸ ਦੇ ਸੀਈਓ ਐਲੋਨ ਮਸਕ ਸਾਲ 2027 ਤਕ ਦੁਨੀਆ ਦੇ ਪਹਿਲੇ ਖਰਬਪਤੀ ਬਣ ਸਕਦੇ ਹਨ। ਇਹ ਖੁਲਾਸਾ ਇਨਫੌਰਮਾ ਕੁਨੈਕਟ ਅਕਾਦਮੀ ਦੀ ਰਿਪੋਰਟ ਤੋਂ ਹੋਇਆ ਹੈ। ਇਸ ਤੋਂ ਇਲਾਵਾ ਭਾਰਤ ਦੇ ਉੱਘੇ ਕਾਰੋਬਾਰੀ ਗੌਤਮ ਅਡਾਨੀ ਵੀ ਇਹ ਦਰਜਾ ਉਸ ਤੋਂ ਅਗਲੇ ਸਾਲ 2028 ਤਕ ਹਾਸਲ ਕਰ ਸਕਦੇ ਹਨ। ਏਸ਼ੀਆ ਦੇ ਸਭ ਤੋਂ ਅਮੀਰ ਵਿਅਕਤੀ ਮੁਕੇਸ਼ ਅੰਬਾਨੀ 2033 ਵਿੱਚ ਖਰਬਪਤੀ ਬਣ ਸਕਦੇ ਹਨ। ਰਿਪੋਰਟ ਵਿੱਚ ਇਹ ਵੀ ਕਿਹਾ ਗਿਆ ਹੈ ਕਿ 237 ਅਰਬ ਡਾਲਰ ਦੀ ਕੁੱਲ ਜਾਇਦਾਦ ਨਾਲ ਦੁਨੀਆ ਦੇ ਸਭ ਤੋਂ ਅਮੀਰ ਵਿਅਕਤੀ ਮਸਕ ਲਈ ਦੁਨੀਆ ਦੇ ਪਹਿਲੇ ਖਰਬਪਤੀ ਬਣਨ ਲਈ 110 ਫੀਸਦੀ ਦੀ ਔਸਤ ਸਾਲਾਨਾ ਦਰ ਨਾਲ ਵਿਕਾਸ ਕਰਨ ਦੀ ਲੋੜ ਹੈ। ਅਡਾਨੀ ਕੋਲ ਇਸ ਵੇਲੇ 100 ਅਰਬ ਡਾਲਰ ਤੋਂ ਘੱਟ ਦੀ ਦੌਲਤ ਹੈ ਤੇ ਉਹ ਵਿਸ਼ਵ ਅਰਬਪਤੀ ਸੂਚਕ ਅੰਕ ਵਿੱਚ 13ਵੇਂ ਸਥਾਨ 'ਤੇ ਹੈ ਤੇ ਉਹ ਸਾਲ 2028 ਤਕ ਦੂਜੇ ਖਰਬਪਤੀ ਬਣ ਸਕਦੇ ਹਨ। ਅੰਬਾਨੀ 111 ਅਰਬ ਡਾਲਰ ਦੀ ਜਾਇਦਾਦ ਨਾਲ ਏਸ਼ੀਆ ਦੇ ਸਭ ਤੋਂ ਅਮੀਰ ਵਿਅਕਤੀ ਹਨ ਤੇ ਉਹ 2033 ਵਿੱਚ ਇਹੀ ਦਰਜਾ ਪ੍ਰਾਪਤ ਕਰ ਸਕਦੇ ਹਨ।

# ਚੀਨ ਨੇ ਭਾਰਤ ਦੇ ਚਾਰ ਹਜ਼ਾਰ ਵਰਗ ਕਿਲੋਮੀਟਰ ਖੇਤਰ 'ਤੇ ਕਬਜ਼ਾ ਕੀਤਾ: ਰਾਹੁਲ




ਵਾਸ਼ਿੰਗਟਨ : ਕਾਂਗਰਸ ਆਗੂ ਰਾਹੁਲ ਗਾਂਧੀ ਨੇ ਚੀਨ ਨਾਲ ਜਾਰੀ ਸਰਹੱਦੀ ਵਿਵਾਦ ਨਾਲ ਨਜਿੱਠਣ ਦੇ ਢੰਗ ਤਰੀਕੇ ਲਈ ਮੋਦੀ ਸਰਕਾਰ ਨੂੰ ਨਿਸ਼ਾਨਾ ਬਣਾਉਂਦਿਆਂ ਕਿਹਾ ਕਿ ਗੁਆਂਢੀ ਮੁਲਕ ਦੀਆਂ ਫੌਜਾਂ ਵੱਲੋਂ ਭਾਰਤ ਦੇ 4000 ਵਰਗ ਕਿਲੋਮੀਟਰ ਖੇਤਰ 'ਤੇ ਕਬਜ਼ਾ ਕਰਨਾ ਵੱਡਾ ਸੰਕਟ ਹੈ। ਲੋਕ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਨੇ ਕਿਹਾ ਕਿ ਕਾਂਗਰਸ ਅਮਰੀਕਾ ਨਾਲ ਰਿਸ਼ਤਿਆਂ, ਅਤਿਵਾਦ ਦੇ ਖਾਤਮੇ ਤੱਕ ਪਾਕਿਸਤਾਨ ਨਾਲ ਗੱਲਬਾਤ ਨਾ ਕਰਨ ਤੇ ਬੰਗਲਾਦੇਸ਼ ਵਿਚ ਕੱਟੜਵਾਦੀ ਅਨਸਰਾਂ ਨਾਲ ਜੁੜੇ ਫ਼ਿਕਰਾਂ ਸਣੇ ਵਿਦੇਸ਼ ਨੀਤੀ ਨਾਲ ਸਬੰਧਤ ਕਈ ਹੋਰ ਅਹਿਮ ਮੁੱਦਿਆਂ ਬਾਰੇ ਕੇਂਦਰ ਦੀ ਭਾਜਪਾ ਸਰਕਾਰ ਨਾਲ ਇਤਫ਼ਾਕ ਰੱਖਦੀ ਹੈ। ਗਾਂਧੀ ਇਥੇ ਮਾਣਮੱਤੇ ਨੈਸ਼ਨਲ ਪ੍ਰੈੱਸ ਕਲੱਬ ਵਿਚ ਪੱਤਰਕਾਰਾਂ ਨੂੰ ਸੰਬੋਧਨ ਕਰ ਰਹੇ ਸਨ। ਗਾਂਧੀ ਨੇ ਜ਼ੋਰ ਦੇ ਕੇ ਆਖਿਆ ਕਿ ਉਹ ਨਹੀਂ ਚਾਹੁੰਦੇ ਕਿ ਅਮਰੀਕਾ ਭਾਰਤ ਦੇ ਅੰਦਰੂਨੀ ਮਾਮਲਿਆਂ ਵਿਚ ਦਖ਼ਲ ਦੇਵੇ। ਚੀਨ ਬਾਰੇ ਸਵਾਲ ਦੇ ਜਵਾਬ ਵਿਚ ਨੇ ਇਸ ਮਸਲੇ ਨੂੰ ਬਹੁਤ ਵਧੀਆ ਢੰਗ ਨਾਲ ਨਜਿੱਠਿਆ ਹੈ? ਇਸ ਲਈ ਮੈਨੂੰ ਨਹੀਂ ਲੱਗਦਾ ਕਿ ਮੋਦੀ ਨੇ ਚੀਨ ਨਾਲ ਸਹੀ ਤਰੀਕੇ ਨਾਲ ਨਜਿੱਠਿਆ ਹੈ। ਮੈਨੂੰ ਲੱਗਦਾ ਹੈ ਕਿ ਚੀਨ ਦਾ ਸਾਡੀ ਸਰਜ਼ਮੀਨ 'ਤੇ ਬੈਠਣ ਦਾ ਕੋਈ ਕਾਰਨ ਨਹੀਂ ਹੈ।' ਗਾਂਧੀ ਨੇ ਕਿਹਾ ਕਿ ਭਾਰਤ ਵਿਚ ਪਿਛਲੇ ਦਸ ਸਾਲਾਂ ਦੌਰਾਨ ਜਮਹੂਰੀਅਤ ਨੂੰ ਢਾਹ ਲੱਗੀ ਹੈ ਪਰ ਹੁਣ ਇਹ ਲੜ ਰਹੀ ਹੈ। ਉਨ੍ਹਾਂ ਕਿਹਾ, 'ਮੈਂ ਦੇਖਿਆ ਹੈ ਕਿ ਕਿਵੇਂ ਮਹਾਰਾਸ਼ਟਰ ਦੀ ਸਰਕਾਰ ਸਾਡੇ ਕੋਲੋਂ ਖੋਹ ਲਈ ਗਈ। ਮੈਂ ਇਹ ਆਪਣੀਆਂ ਅੱਖਾਂ ਨਾਲ ਦੇਖਿਆ ਹੈ। ਮੈਂ ਇਹ ਦੇਖਿਆ ਹੈ ਕਿ ਕਿਵੇਂ ਸਾਡੇ ਵਿਧਾਇਕਾਂ ਨੂੰ ਲਿਆਂਦਾ ਗਿਆ ਤੇ ਅਚਾਨਕ ਉਹ ਭਾਜਪਾ ਵਿਧਾਇਕ ਬਣ ਗਏ। ਇਸ ਲਈ ਭਾਰਤੀ ਜਮਹੂਰੀਅਤ 'ਤੇ ਹਮਲੇ ਕੀਤੇ ਜਾ ਰਹੇ ਹਨ।'



ਪੰਜਾਬ ਸਟਾਰ

**To Contact Us:**

Editor:
Simrat Grewal
905-673-7666

Marketing Director:
Lakhwinder Singh Sandhu
647-400-7314

Senior Advisors:
Harkirat Singh
Abnash Nijjor
Davinder Sandhu
Onkar Grewal

Technical Director :
Bobby Bhamra

Accounts Advisor:
Sandeep Assi (CGA)
905-450-8999

Correspondant:
Raghbir Singh Kahlon (Ludhiana)
Amolak Mann (San jose)
Kulwinder Singh (New Jersey)
Ragvir Singh (Jalandhar)

Registered Office:
7035 Maxwell Rd.,
Suite#203, Mississauga, ON.
L5S 1R5
Ph: 905-673-7666
Fax: 289-206-8611

website:-
www.punjabstar.com
Email:-
editor@punjabstar.com

Annual Subscription
Canada:- $1:00
International:-$1:50

ਪੰਜਾਬ ਸਟਾਰ ਦੇ ਸੰਪਾਦਕ ਜਾਂ ਇਸ ਨਾਲ ਜੁੜੇ ਲੋਕਾਂ ਦਾ ਪੰਜਾਬ ਸਟਾਰ ਵਿੱਚ ਛਪਦੀਆਂ ਲਿਖਤਾਂ ਅਤੇ ਇਸ਼ਤਿਹਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

The Punjab Star management & people associated with it are not responsible for any claims made by the advertisers & do not endorse any product or services advertised in Punjab star. We sell the space in the newspaper, and the claims are those of the advertisers. Please consult your lawyer before buying through the advertisements published in Punjab Star.

# ਕੈਨੇਡਾ 'ਚ ਪੰਜਾਬੀਆਂ ਤੇ ਪੰਜਾਬੀ ਭਾਸ਼ਾ ਦਾ ਮੁੱਢਲਾ ਦੌਰ : ਇਤਿਹਾਸਕ ਪਰਿਪੇਖ 'ਚ



ਡਾ. ਸੁਖਦੇਵ ਸਿੰਘ ਝੰਡ

**ਭੂਮਿਕਾ**

ਕੈਨੇਡਾ ਵਿੱਚ ਪੰਜਾਬੀ ਸੱਭ ਤੋਂ ਪਹਿਲਾਂ 1897 ਵਿਚ ਕੈਨੇਡਾ ਦੇ ਸੂਬੇ ਬ੍ਰਿਟਿਸ਼ ਕੋਲੰਬੀਆ (ਬੀ.ਸੀ.) ਵਿਚ ਆਏ। ਉਹ ਬ੍ਰਿਟਿਸ਼ ਆਰਮੀ ਦੇ 'ਭਾਰਤੀ ਸਿੱਖ ਫ਼ੌਜੀ' ਸਨ ਅਤੇ ਉਹ ਇੰਗਲੈਂਡ ਦੀ ਮਹਾਰਾਣੀ ਵਿਕਟੋਰੀਆ ਦੇ ਰਾਜ ਦੀ 'ਡਾਇਮੰਡ ਜੁਬਲੀ' ਦੇ ਮਨਾਉਣ ਦੇ ਜਸ਼ਨਾਂ ਵਿਚ ਸ਼ਾਮਲ ਹੋ ਕੇ ਉਸ ਨੂੰ ਸਲਾਮੀ ਦੇਣ ਲਈ ਇਸ ਦੇ ਸ਼ਹਿਰ ਵੈਨਕੂਵਰ ਆਏ ਸਨ। ਕਿਹਾ ਜਾਂਦਾ ਹੈ ਕਿ ਉਨ੍ਹਾਂ ਨੂੰ ਵੈਨਕੂਵਰ ਸ਼ਹਿਰ ਤੇ ਉਸ ਦਾ ਸਮੁੱਚਾ ਮਾਹੌਲ ਏਨਾ ਚੰਗਾ ਲੱਗਾ ਕਿ ਉਨ੍ਹਾਂ ਨੇ ਉੱਥੇ ਹੀ ਰਹਿਣ ਦਾ ਫ਼ੈਸਲਾ ਕਰ ਲਿਆ। ਉਨ੍ਹਾਂ ਨੇ ਬ੍ਰਿਟਿਸ਼ ਆਰਮੀ ਤੋਂ ਅਸਤੀਫ਼ੇ ਦਿੱਤੇ ਅਤੇ ਉਸ ਸਮੇਂ ਵੈਨਕੂਵਰ ਵਿਚ ਬਣਾਈ ਜਾ ਰਹੀ 'ਕੈਨੇਡੀਅਨ ਪੈਸਿਫਿਕ ਰੇਲਵੇ' ਦੇ ਟਰੈਕ ਵਿਛਾਉਣ, ਲੰਬਰ ਮਿੱਲਾਂ ਅਤੇ ਖਾਨਾਂ ਵਿਚ ਕੰਮ ਕਰਨ ਲੱਗ ਪਏ। ਇਨ੍ਹਾਂ ਵਿੱਚੋਂ ਸੱਭ ਤੋਂ ਪਹਿਲਾਂ ਕੈਨੇਡਾ ਵਿੱਚ ਸੈੱਟਲ ਹੋਣ ਵਾਲਿਆਂ ਵਿੱਚ ਫ਼ੌਜੀ 'ਰਸਾਲਦਾਰ ਮੇਜਰ ਕੇਸਰ ਸਿੰਘ' ਦਾ ਕੈਨੇਡਾ ਦੇ ਇਤਿਹਾਸ ਵਿਚ ਹਵਾਲਾ ਮਿਲਦਾ ਹੈ। ਜ਼ਾਹਿਰ ਹੈ ਕਿ ਉਸ ਦੇ ਨਾਲ ਇੱਥੇ ਸੈੱਟ ਹੋਣ ਵਾਲਿਆਂ ਵਿਚ ਉਸ ਦੇ ਹੋਰ ਸਾਥੀ ਵੀ ਹੋਣਗੇ ਪਰ ਉਨ੍ਹਾਂ ਦੇ ਨਾਵਾਂ ਦਾ ਕੋਈ ਜ਼ਿਕਰ ਨਹੀਂ ਮਿਲਦਾ। 'ਸਟੈਟਿਸਟਿਕਸ ਕੈਨੇਡਾ' ਅਨੁਸਾਰ 1906 ਤੱਕ ਕੈਨੇਡਾ ਵਿਚ 1500 ਸਿੱਖ ਮੌਜੂਦ ਸਨ। 1907 ਵਿਚ ਬੁੱਕਮ ਸਿੰਘ 14 ਸਾਲ ਦੀ ਉਮਰ ਵਿਚ ਪੰਜਾਬ ਤੋਂ ਬ੍ਰਿਟਿਸ਼ ਕੋਲੰਬੀਆ ਆਇਆ। ਉਹ 1915 ਵਿਚ ਕੈਨੇਡੀਅਨ ਆਰਮੀ ਵਿਚ ਭਰਤੀ ਹੋਇਆ ਅਤੇ ਇੰਗਲੈਂਡ ਵੱਲੋਂ ਪਹਿਲੀ ਵਿਸ਼ਵ ਜੰਗ ਵਿਚ ਲੜਦਿਆਂ ਗੰਭੀਰ ਜ਼ਖ਼ਮੀ ਹੋਇਆ। ਕੁਝ ਮਹੀਨੇ ਮਿਲਟਰੀ ਹਸਪਤਾਲ ਵਿਚ ਜ਼ੇਰੇ-ਇਲਾਜ ਰਹਿਣ ਪਿੱਛੋਂ ਕੈਨੇਡਾ ਵਿਚ 1916 ਵਿਚ ਟੀ.ਬੀ. ਨਾਲ ਜੂਝਦਿਆਂ ਉਸ ਨੇ ਇੱਥੋਂ ਦੇ ਕਿਚਨਰ ਹਸਪਤਾਲ ਵਿਚ ਆਖ਼ਰੀ ਸਾਹ ਲਏ। ਕਿਚਨਰ ਵਿਚ ਉਸ ਦੀ ਯਾਦਗਾਰ ਵੀ ਬਣੀ ਹੋਈ ਹੈ।

ਇਹ ਪੰਜਾਬੀ ਆਪਣੇ ਨਾਲ ਪੰਜਾਬੀ ਬੋਲੀ ਤੇ ਆਪਣਾ ਸੱਭਿਆਚਾਰ ਵੀ ਨਾਲ ਲੈ ਕੇ ਆਏ। ਇਸ ਤਰ੍ਹਾਂ ਇੱਥੇ ਕੈਨੇਡਾ ਵਿਚ ਪੰਜਾਬੀ ਮਾਂ-ਬੋਲੀ ਦਾ ਮੁੱਢ ਬੱਝਿਆ। ਮੁੱਢਲੇ ਦੌਰ ਵਿਚ ਇਨ੍ਹਾਂ ਪੰਜਾਬੀਆਂ ਨੂੰ ਬੜੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਉਨ੍ਹਾਂ ਨੂੰ ਆਪਣੀਆਂ ਪਤਨੀਆਂ ਤੇ ਬੱਚੇ ਇੱਥੇ ਲਿਆਉਣ ਦੀ ਆਗਿਆ ਨਹੀਂ ਸੀ ਅਤੇ ਕਈ ਸਾਲ ਉਹ ਇੱਥੇ ਇਕੱਲੇ-ਇਕੱਲੇ ਹੀ ਵਿਚਰੇ। ਇੱਥੋਂ ਤੱਕ ਕਿ ਜਦੋਂ ਉਨ੍ਹਾਂ ਦੇ ਇਕ ਸਾਥੀ ਦੀ ਮੌਤ ਹੋ ਗਈ ਤਾਂ ਉਸ ਦੇ ਮਿਰਤਕ ਸਰੀਰ ਦਾ ਸਸਕਾਰ ਕਰਨ ਦੀ ਆਗਿਆ ਵੀ ਕੈਨੇਡਾ ਸਰਕਾਰ ਦੇ ਪ੍ਰਤੀਨਿਧ ਵੈਨਕੂਵਰ ਦੇ 'ਮੁੱਖ-ਪ੍ਰਬੰਧਕ' ਵੱਲੋਂ ਨਹੀਂ ਸੀ ਦਿੱਤੀ ਗਈ ਅਤੇ ਉਸ ਦਾ ਸਸਕਾਰ ਉਸ ਦੇ ਸਾਥੀਆਂ ਵੱਲੋਂ ਜੰਗਲ ਵਿਚ ਇਕ ਦਰਿਆ ਦੇ ਕੰਢੇ ਚੋਰੀ-ਛਿਪੇ ਕੀਤਾ ਗਿਆ ਸੀ ਤਾਂ ਜੋ ਸਸਕਾਰ ਤੋਂ ਬਾਅਦ ਸਿਵੇ ਦੀ ਬਚੀ-ਖੁਚੀ ਸਵਾਹ ਤੇ ਹੱਡੀਆਂ, ਆਦਿ ਨੂੰ ਵਗਦੇ ਪਾਣੀ ਵਿਚ ਰੋੜ੍ਹਿਆ ਜਾ ਸਕੇ। 1907-08 ਦੌਰਾਨ ਚੀਨੀ ਤੇ ਜਾਪਾਨੀ ਕਾਮੇ ਪੰਜਾਬੀ ਸਿੱਖਾਂ ਨਾਲ ਇਸ ਗੱਲੋਂ ਖ਼ਾਰ ਖਾਣ ਲੱਗ ਪਏ ਕਿ ਉਨ੍ਹਾਂ ਨੇ ਇੱਥੇ ਆ ਕੇ ਉਨ੍ਹਾਂ ਦੀਆਂ ਨੌਕਰੀਆਂ ਹਥਿਆਉਣੀਆਂ ਸ਼ੁਰੂ ਕਰ ਦਿੱਤੀਆਂ ਹਨ। ਦੋਹਾਂ ਧਿਰਾਂ ਵਿਚਕਾਰ ਕਈ ਝੜਪਾਂ ਹੋਈਆਂ ਅਤੇ 1908 ਵਿਚ ਕੈਨੇਡਾ ਸਰਕਾਰ ਵੱਲੋਂ ਸਿੱਖਾਂ ਨੂੰ ਕੈਨੇਡਾ ਛੱਡ ਜਾਣ ਦਾ ਹੁਕਮ ਹੋਇਆ। 1911 ਤੱਕ ਪੰਜਾਬੀਆਂ ਦੀ ਗਿਣਤੀ 5000 ਤੱਕ ਪਹੁੰਚ ਗਈ ਜੋ ਅੱਗੋਂ ਕਈ ਕਾਰਨਾਂ ਕਰਕੇ ਕਦੇ ਵੱਧਦੀ ਤੇ ਕਦੇ ਘੱਟਦੀ ਰਹੀ। ਫਿਰ 1914 ਵਿੱਚ 'ਕਾਮਾਗਾਟਾ ਮਾਰੂ ਕਾਂਡ' ਵਾਪਰਿਆ ਅਤੇ ਇਸ ਜਹਾਜ਼ ਵਿਚਲੇ 376 ਪੰਜਾਬੀਆਂ ਨੂੰ ਦੋ ਮਹੀਨੇ ਵੈਨਕੂਵਰ ਦੇ ਪਾਣੀਆਂ ਵਿਚ ਰਹਿਣ ਤੋਂ ਬਾਅਦ ਭਾਰਤ ਵਾਪਸ ਪਰਤਣਾ ਪਿਆ ਜਿੱਥੇ ਕਲਕੱਤੇ ਦੇ 'ਬੱਜਬੱਜ ਘਾਟ' 'ਤੇ ਅੰਗਰੇਜ਼ੀ ਹਕੂਮਤ ਵੱਲੋਂ ਉਨ੍ਹਾਂ ਦਾ 'ਸੁਆਗ਼ਤ' ਗੋਲ਼ੀਆਂ ਨਾਲ ਕੀਤਾ ਗਿਆ।

ਸੱਠਵਿਆਂ ਤੇ ਸੱਤਰਵਿਆਂ 'ਚ ਪੰਜਾਬੀ ਸੱਠਵਿਆਂ ਤੇ ਸੱਤਰਵਿਆਂ ਦੌਰਾਨ ਕੈਨੇਡਾ ਵਿਚ ਪੰਜਾਬੀ ਹਜ਼ਾਰਾਂ ਦੀ ਗਿਣਤੀ ਵਿਚ ਆਏ ਅਤੇ ਉਹ ਵੈਨਕੂਵਰ ਤੋਂ ਇਲਾਵਾ ਟੋਰਾਂਟੋ ਤੋਂ ਵਿੰਨਸਰ ਪੱਟੀ ਵਿਚ ਸੈੱਟਲ ਹੁੰਦੇ ਗਏ। ਜੂਨ 1984 ਵਿਚ ਹਰਿਮੰਦਰ ਸਾਹਿਬ ਅੰਮ੍ਰਿਤਸਰ ਕੰਪਲੈੱਕਸ ਉੱਪਰ ਭਾਰਤੀ ਫ਼ੌਜ ਵੱਲੋਂ ਕੀਤੇ ਗਏ 'ਬਲੂ ਸਟਾਰ ਆਪਰੇਸ਼ਨ' ਤੋਂ ਬਾਅਦ ਪੰਜਾਬ ਦੇ ਹਾਲਾਤ ਹੋਰ ਵੀ ਵਿਗੜਦੇ ਗਏ ਅਤੇ ਪੰਜਾਬ ਪੋਲੀਸ ਵੱਲੋਂ 1986 ਤੋਂ 1990 ਦੌਰਾਨ ਸਿੱਖ ਨੌਜੁਆਨਾਂ ਵਿਰੁੱਧ ਕੀਤੇ ਗਏ ਪੋਲੀਸ ਮੁਕਾਬਲਿਆਂ ਤੋਂ ਬਚਣ ਲਈ ਕਈ ਨੌਜੁਆਨ 'ਰਫ਼ਿਊਜੀਆਂ' ਵਜੋਂ ਕੈਨੇਡਾ ਆਏ। ਉਸ ਤੋਂ ਬਾਅਦ 'ਪੁਆਇੰਟ ਸਿਸਟਮ' 'ਤੇ ਇਮੀਗ੍ਰੇਸ਼ਨ ਲੈ ਕੇ ਬਹੁਤ ਸਾਰੇ ਪੜ੍ਹੇ-ਲਿਖੇ ਨੌਜੁਆਨ ਕੈਨੇਡਾ ਆਏ ਤੇ ਫਿਰ ਕੈਨੇਡਾ ਸਰਕਾਰ ਵੱਲੋਂ 'ਸਟੂਡੈਂਟ ਵੀਜ਼ਾ' ਖੋਲ੍ਹਣ 'ਤੇ 'ਪੰਜਾਬੀ ਪਾੜ੍ਹਿਆਂ' ਦੀ ਗਿਣਤੀ ਲੱਖਾਂ ਵਿਚ ਪਹੁੰਚ ਗਈ। 'ਸਟੈਟਿਸਟਿਕਸ ਕੈਨੇਡਾ' ਅਨੁਸਾਰ 2011 ਵਿਚ ਕੈਨੇਡਾ ਵਿਚ ਪੰਜਾਬੀਆਂ ਦੀ ਗਿਣਤੀ 4,54,965 ਸੀ ਜੋ ਕੈਨੇਡਾ ਦੀ ਆਬਾਦੀ ਦਾ 1.38% ਸੀ। 2021 ਵਿਚ ਇਹ ਵੱਧ ਕੇ 7,71,790 ਹੋ ਗਈ ਜੋ ਕੈਨੇਡਾ ਦੀ ਆਬਾਦੀ ਦਾ 2.12% ਬਣਦੀ ਹੈ।

ਪੰਜਾਬੀ ਪੜ੍ਹਨ/ਪੜ੍ਹਾਉਣ ਦੇ ਮੁੱਢਲੇ ਯਤਨ ਗੁਰਦੁਆਰਿਆਂ 'ਚ ਹੋਏ ਵੀਹਵੀਂ ਸਦੀ ਦੇ ਪਹਿਲੇ ਦਹਾਕੇ ਵਿਚ ਜਦੋਂ ਪੰਜਾਬੀ ਕੈਨੇਡਾ ਅਤੇ ਅਮਰੀਕਾ ਵਿਚ ਆਏ ਤਾਂ ਉਨ੍ਹਾਂ ਇੱਥੇ ਗੁਰਦੁਆਰੇ ਬਣਾਏ ਜੋ ਉਨ੍ਹਾਂ ਦੇ ਧਾਰਮਿਕ ਅਕੀਦਿਆਂ ਨੂੰ ਪੂਰੇ ਕਰਨ ਦੇ ਨਾਲ ਨਾਲ 'ਕਮਿਊਨਿਟੀ ਸੈਂਟਰਾਂ' ਦਾ ਵੀ ਕੰਮ ਕਰਦੇ ਸਨ। ਇੱਥੇ ਬੱਚਿਆਂ ਨੂੰ ਪੰਜਾਬੀ ਪੜ੍ਹਾਈ ਜਾਂਦੀ ਸੀ ਅਤੇ ਉਨ੍ਹਾਂ ਨੂੰ ਪੰਜਾਬੀ ਸੱਭਿਆਚਾਰ ਨਾਲ ਜੋੜੀ ਰੱਖਣ ਦੇ ਯਤਨ ਕੀਤੇ ਜਾਂਦੇ ਸਨ। ਅਜਿਹਾ ਗੁਰਦੁਆਰਾ ਸੱਭ ਤੋਂ ਪਹਿਲਾਂ ਵੈਨਕੂਵਰ ਵਿਚ 1905 ਵਿਚ ਬਣਿਆ। ਫਿਰ ਦੂਸਰਾ ਗੁਰਦੁਆਰਾ 1908 ਵਿੱਚ ਵੈਨਕੂਵਰ ਦੇ ਨੇੜੇ 'ਕਿਟਸਿਲਾਨੋ' ਵਿਚ ਬਣਾਇਆ ਗਿਆ। ਤੀਸਰਾ ਗੁਰਦੁਆਰਾ ਐਬਟਸਫੋਰਡ ਵਿਚ 1911 ਵਿਚ ਬਣਿਆ 'ਗੁਰ ਸਿੱਖ ਟੈਂਪਲ' ਹੈ ਜਿਸ ਨੂੰ 2002 ਵਿਚ 'ਨੈਸ਼ਨਲ ਹਿਸਟੌਰਿਕ ਸਾਈਟ ਆਫ਼ ਕੈਨੇਡਾ' ਦਾ ਦਰਜਾ ਦਿੱਤਾ ਗਿਆ। ਇਨ੍ਹਾਂ ਗੁਰਦੁਆਰਿਆਂ ਵਿਚ ਬੱਚਿਆਂ ਨੂੰ ਪੰਜਾਬੀ ਪੜ੍ਹਾਉਣ ਦੇ ਯਤਨ ਆਰੰਭੇ ਗਏ, ਕਿਉਂਕਿ ਮਾਪਿਆਂ ਲਈ ਉਨ੍ਹਾਂ ਨੂੰ ਪੰਜਾਬੀ ਵਿਰਾਸਤ ਅਤੇ ਸੱਭਿਆਚਾਰ ਦੇ ਨਾਲ ਜੋੜੀ ਰੱਖਣਾ ਜ਼ਰੂਰੀ ਸੀ। ਇਹ ਪ੍ਰਥਾ ਅੱਗੋਂ ਵੀ ਬਰਕਰਾਰ ਰਹੀ ਅਤੇ ਵੈਨਕੂਵਰ, ਟੋਰਾਂਟੋ ਏਰੀਆ, ਵਿੰਨਸਰ ਆਦਿ ਥਾਵਾਂ 'ਤੇ ਜਿੱਥੇ ਵੀ ਪੰਜਾਬੀ ਗਏ, ਉਨ੍ਹਾਂ ਆਪਣੇ ਇਹ ਉਪਰਾਲੇ ਜਾਰੀ ਰੱਖੇ।




ਇਸ ਤਰ੍ਹਾਂ ਕੈਨੇਡਾ ਵਿਚ ਪੰਜਾਬੀ ਭਾਸ਼ਾ ਨੂੰ ਸ਼ੁਰੂ ਕਰਨ ਅਤੇ ਇਸ ਨੂੰ ਅੱਗੋਂ ਪ੍ਰਫੁੱਲਤ ਕਰਨ ਵਿਚ ਗੁਰਦੁਆਰਿਆਂ ਦਾ ਵੱਡਾ ਯੋਗਦਾਨ ਰਿਹਾ ਹੈ ਅਤੇ ਇਹ ਹੁਣ ਵੀ ਜਾਰੀ ਹੈ। ਗੁਰਦੁਆਰਿਆਂ ਵਿਚ ਬੱਚਿਆਂ ਨੂੰ ਪੰਜਾਬੀ ਪੜ੍ਹਾਉਣ ਲਈ ਵਿਸ਼ੇਸ਼ ਕਲਾਸਾਂ ਦਾ ਆਯੋਜਨ ਕੀਤਾ ਜਾਂਦਾ ਹੈ। ਇਹ ਕਲਾਸਾਂ ਆਮ ਤੌਰ 'ਤੇ ਛੁੱਟੀ ਵਾਲੇ ਦਿਨ ਸ਼ਨੀਵਾਰ ਤੇ ਐਤਵਾਰ ਨੂੰ ਹੁੰਦੀਆਂ ਹਨ। ਕਈ ਗੁਰਦੁਆਰਾ ਸਾਹਿਬਾਨ ਦੇ ਨਾਲ ਖ਼ਾਲਸਾ ਸਕੂਲ ਵੀ ਜੁੜੇ ਹੋਏ ਹਨ ਜੋ ਗੁਰਦੁਆਰਾ ਮੈਨੇਜਮੈਂਟਾਂ ਵੱਲੋਂ ਚਲਾਏ ਜਾਂਦੇ ਹਨ। ਇਨ੍ਹਾਂ ਸਕੂਲਾਂ ਅਤੇ ਕਈ ਪਬਲਿਕ ਸਕੂਲਾਂ ਵਿਚ ਬੱਚਿਆਂ ਨੂੰ ਪ੍ਰਾਇਮਰੀ ਪੱਧਰ ਦੀਆਂ ਕਲਾਸਾਂ ਤੱਕ ਪੰਜਾਬੀ ਪੜ੍ਹਾਉਣ ਦਾ ਪ੍ਰਬੰਧ ਹੈ। ਕਈ ਸਕੂਲਾਂ ਵਿਚ ਇਸ ਤੋਂ ਅੱਗੋਂ ਵੀ ਪੰਜਾਬੀ ਨੂੰ 'ਆਪਸ਼ਨਲ ਸਬਜੈੱਕਟ' ਵਜੋਂ ਕਰੈਡਿਟ ਕੋਰਸ ਦੇ ਤੌਰ 'ਤੇ ਪੜ੍ਹਾਉਣ ਦੀ ਵੀ ਵਿਵਸਥਾ ਹੈ। .

ਬੀ.ਸੀ. ਵਿਚ ਪੰਜਾਬੀ ਨੂੰ ਪ੍ਰਫੁੱਲਤ ਕਰਨ ਦੇ ਉਪਰਾਲੇ 'ਪਲੀ' ਦਾ ਯੋਗਦਾਨ ਜਿਵੇਂ ਪਹਿਲਾਂ ਦੱਸਿਆ ਗਿਆ ਹੈ ਕਿ ਪੰਜਾਬੀ ਸੱਭ ਤੋਂ ਪਹਿਲਾਂ ਬੀ.ਸੀ. ਵਿਚ ਆਏ ਅਤੇ ਇੱਥੋਂ ਉਹ ਕੈਨੇਡਾ ਦੇ ਹੋਰ ਸੂਬਿਆਂ ਵਿਚ ਫੈਲੇ। ਨਤੀਜੇ ਵਜੋਂ, ਕੈਨੇਡਾ ਵਿਚ ਪੰਜਾਬੀ ਭਾਸ਼ਾ ਦੇ ਵਿਕਾਸ ਦਾ ਮੁੱਢ ਵੀ ਇੱਥੋਂ ਹੀ ਬੱਝਿਆ। ਇਸ ਵਿਚ ਪੰਜਾਬੀ ਭਾਸ਼ਾ ਨਾਲ ਜੁੜੀਆਂ ਕਈ ਵਿਦਿਅਕ, ਸਮਾਜਿਕ ਤੇ ਸੱਭਿਆਚਾਰਕ ਸੰਸਥਾਵਾਂ ਨੇ ਆਪਣਾ ਵੱਡਾ ਯੋਗਦਾਨ ਪਾਇਆ ਜਿਨ੍ਹਾਂ ਵਿਚ ਵੈਨਕੂਵਰ ਦੀ 'ਪਲੀ' (ਪੰਜਾਬੀ ਲੈਂਗੁਏਜ ਐਜੂਕੇਸ਼ਨ ਐਸੋਸੀਏਸ਼ਨ) ਦਾ ਨਾਂ ਵਿਸ਼ੇਸ਼ ਤੌਰ 'ਤੇ ਵਰਨਣਯੋਗ ਹੈ। ਇਹ ਪਿਛਲੇ ਤਿੰਨ ਦਹਾਕਿਆਂ ਤੋਂ ਪੂਰੀ ਸਰਗਰਮੀ ਨਾਲ ਕਰਮਸ਼ੀਲ ਹੈ ਅਤੇ ਇਸ ਨੇ ਬੀ.ਸੀ. ਵਿਚ ਪੰਜਾਬੀ ਭਾਸ਼ਾ ਨੂੰ ਸਕੂਲਾਂ ਵਿਚ ਪੜ੍ਹਾਉਣ ਲਈ ਭਾਰੀ ਜੱਦੋਜਹਿਦ ਕੀਤੀ ਹੈ। ਬੀ.ਸੀ. ਵਿਚ ਅੰਗਰੇਜ਼ੀ ਤੇ ਫ਼ਰੈਂਚ ਤੋਂ ਬਾਅਦ ਪੰਜਾਬੀ ਨੂੰ ਸੂਬੇ ਦੀ ਤੀਸਰੀ ਭਾਸ਼ਾ ਵਜੋਂ ਐਲਾਨ ਕਰਵਾਉਣ ਪਿੱਛੇ ਇਸ ਸੰਸਥਾ 'ਪਲੀ' ਦਾ ਵੱਡਾ ਯੋਗਦਾਨ ਹੈ। ਸਕੂਲ ਪੱਧਰ ਤੋਂ ਅੱਗੇ ਕਾਲਜਾਂ ਅਤੇ ਯੂਨੀਵਰਸਿਟੀ ਆਫ਼ ਬ੍ਰਿਟਿਸ਼ ਕੋਲੰਬੀਆ (ਯੂ.ਬੀ.ਸੀ.) ਵਿਚ ਮਾਸਟਰ ਪੱਧਰ ਤੱਕ ਪੰਜਾਬੀ ਪੜ੍ਹਾਏ ਜਾਣ ਪਿੱਛੇ ਇਸ ਸੰਸਥਾ ਦੀ ਮਿਹਨਤ ਹੀ ਰੰਗ ਲਿਆਈ ਹੈ। ਹੁਣ ਵੀ ਇਹ ਸੰਸਥਾ ਬੀ ਸੀ ਵਿਚ ਪੰਜਾਬੀ ਨੂੰ ਹੋਰ ਪ੍ਰਫੁੱਲਤ ਕਰਨ ਲਈ ਲਗਾਤਾਰ ਯਤਨ ਕਰ ਰਹੀ ਹੈ।

ਇਸ ਸੰਸਥਾ ਦੇ ਮੌਜੂਦਾ ਪ੍ਰਧਾਨ ਬਲਵੰਤ ਸੰਘੇੜਾ ਆਪਣੇ ਸਾਥੀਆਂ ਨਾਲ ਇਸ ਮਹੱਤਵਪੂਰਵਕ ਕਾਰਜ ਵਿੱਚ ਜੁੱਟੇ ਹੋਏ ਹਨ। ਉਨ੍ਹਾਂ ਦਾ ਦ੍ਰਿੜ੍ਹ ਵਿਸ਼ਵਾਸ ਹੈ ਕਿ ਮੁੱਢਲੀ ਸਟੇਜ ਵਿਚ ਆਪਣੀ ਮਾਂ-ਬੋਲੀ ਨਾਲ ਜੁੜੇ ਪੰਜਾਬੀ ਬੱਚਿਆਂ ਲਈ ਪੰਜਾਬੀ ਭਾਸ਼ਾ ਅੱਗੇ ਜਾ ਕੇ ਬੜੀ ਲਾਹੇਵੰਦ ਸਾਬਤ ਹੁੰਦੀ ਹੈ। ਇਹ ਨਾ ਕੇਵਲ ਉਨ੍ਹਾਂ ਦੇ ਸੰਚਾਰ-ਸਕਿੱਲਾਂ ਵਿਚ ਹੀ ਵਾਧਾ ਕਰਦੀ ਹੈ ਅਤੇ ਦੋਭਾਸ਼ੀਆਂ ਵਜੋਂ ਨੌਕਰੀਆਂ ਮਿਲਣ ਵਿਚ ਸਹਾਈ ਹੁੰਦੀ ਹੈ, ਸਗੋਂ ਇਹ ਉਨ੍ਹਾਂ ਨੂੰ ਆਪਣੀ ਅਮੀਰ ਵਿਰਾਸਤ ਤੇ ਸੱਭਿਆਚਾਰ ਨਾਲ ਵੀ ਜੋੜਦੀ ਹੈ।

ਯੂਨੀਵਰਸਿਟੀ ਆਫ਼ ਬ੍ਰਿਟਿਸ਼ ਕੋਲੰਬੀਆ ਦਾ ਯੋਗਦਾਨ ਯੂਨੀਵਰਸਿਟੀ ਆਫ਼ ਬ੍ਰਿਟਿਸ਼ ਕੋਲੰਬੀਆ (ਯੂ.ਬੀ.ਸੀ.) ਨੇ 2010-11 ਵਿਚ ਕਈ 'ਪੰਜਾਬੀ ਓਰਲ ਹਿਸਟਰੀ ਪ੍ਰੋਗਰਾਮ' ਸ਼ੁਰੂ ਕੀਤੇ ਜਿਨ੍ਹਾਂ ਰਾਹੀਂ ਬੀ.ਸੀ. ਵਿਚ ਪੰਜਾਬੀ ਭਾਸ਼ਾ ਦੇ ਲਈ ਕੰਮ ਹੋਣਾ ਆਰੰਭ ਹੋਇਆ। 2012-13 ਵਿਚ ਯੂਨੀਵਰਸਿਟੀ ਵਿਚ ਪੰਜਾਬੀ ਕਲਾਸ ਬਾ-ਕਾਇਦਾ ਸ਼ੁਰੂ ਕਰ ਦਿੱਤੀ ਗਈ। 7 ਜੁਲਾਈ 2021 ਨੂੰ ਯੂਨੀਵਰਸਿਟੀ ਦੇ ਇਤਿਹਾਸ ਵਿਭਾਗ ਵੱਲੋਂ ਇਕ ਸੈਮੀਨਾਰ ਆਯੋਜਿਤ ਕੀਤਾ ਗਿਆ ਜਿਸ ਦਾ ਵਿਸ਼ਾ ਸੀ, "Shared Language Culture : Documenting and Creating Punjabi Language History in BC"[ ਇਸ ਵਿਚ ਬੀ.ਸੀ. ਵਿਚ ਪੰਜਾਬੀ ਭਾਸ਼ਾ ਵਿਚ ਹੋ ਰਹੇ ਕੰਮ ਨੂੰ 'ਕਲਮਬੰਦ' ਕਰਨ (ਡਾਕੂਮੈਂਟੇਸ਼ਨ) ਅਤੇ ਕੈਨੇਡਾ ਵਿਚ ਪੰਜਾਬੀ ਬੋਲੀ ਦੇ ਇਤਿਹਾਸ ਨੂੰ ਲਿਖਤੀ ਰੂਪ ਵਿਚ ਲਿਆਉਣ ਬਾਰੇ ਗੰਭੀਰ ਵਿਚਾਰ-ਵਟਾਂਦਰਾ ਹੋਇਆ। ਏਸੇ ਹੀ ਯੂਨੀਵਰਸਿਟੀ ਦੇ ਇਤਿਹਾਸ ਵਿਭਾਗ ਦੀ ਮੁਖੀ ਡਾ. ਐਨੀ ਮਰਫ਼ੀ ਦੀ ਅਗਵਾਈ ਹੇਠ ਇਕ ਮਹੱਤਵਪੂਰਨ ਪ੍ਰਾਜੈੱਕਟ "ਯੂਬੀਸੀ ਪੰਜਾਬੀ ਓਰਲ ਹਿਸਟਰੀ ਪ੍ਰਾਜੈੱਕਟ" ਸ਼ੁਰੂ ਕੀਤਾ ਗਿਆ ਜਿਸ ਵਿਚ ਇਸ ਯੂਨੀਵਰਸਿਟੀ ਦੇ ਅੰਡਰ ਗਰੈਜੂਏਟ ਵਿਭਾਗ ਦੇ ਵਿਦਿਆਰਥੀਆਂ ਰਵਲੀਨ ਕੌਰ, ਗੁਰਮਨ ਧਾਲੀਵਾਲ, ਨੂਰ ਸੰਧਾਵਾਲਿਆ, ਆਦਿ ਨੂੰ ਸ਼ਾਮਲ ਕੀਤਾ ਗਿਆ। ਇਸ ਪ੍ਰਾਜੈਕਟ ਅਧੀਨ ਇਨ੍ਹਾਂ ਵਿਦਿਆਰਥੀਆਂ ਨੇ ਉਨ੍ਹਾਂ ਲੋਕਾਂ ਕੋਲੋਂ ਪੁਰਾਣੇ ਪੰਜਾਬੀ ਕੈਨੇਡੀਅਨਾਂ ਬਾਰੇ ਪ੍ਰਚੱਲਤ ਗੱਲਾਂ-ਬਾਤਾਂ ਤੇ ਮੌਖਿਕ ਕਹਾਣੀਆਂ ਦੀ ਰੀਕਾਰਡਿੰਗ ਕਰਨੀ ਸੀ ਜਿਨ੍ਹਾਂ ਨੇ ਕੈਨੇਡਾ ਵਿਚ ਪੰਜਾਬੀ ਬੋਲੀ ਨੂੰ ਅੱਗੇ ਵਧਾਉਣ ਵਿਚ ਆਪਣਾ ਯੋਗਦਾਨ ਪਾਇਆ ਹੈ। ਇਸ ਰੀਕਾਰਡਿੰਗ ਦੇ ਆਧਾਰ 'ਤੇ ਅੱਗੋਂ ਪੰਜਾਬੀ ਤੇ ਅੰਗਰੇਜ਼ੀ ਵਿਚ ਕਈ 'ਸਟੋਰੀ ਬੁੱਕਸ' (ਕਹਾਣੀਆਂ ਦੀਆਂ ਕਿਤਾਬਾਂ) ਤਿਆਰ ਕੀਤੀਆਂ ਗਈਆਂ ਅਤੇ ਵੱਖ-ਵੱਖ ਵਿਸ਼ਿਆਂ 'ਤੇ ਕਈ ਛੋਟੀਆਂ-ਛੋਟੀਆਂ ਫ਼ਿਲਮਾਂ ਵੀ ਬਣਾਈਆਂ ਗਈਆਂ। ਇਹ ਸੱਭ ਕਹਿਣ ਤੋਂ ਮੇਰਾ ਭਾਵ ਹੈ ਕਿ ਬੀ.ਸੀ. ਵਿਚ ਪੰਜਾਬੀ ਭਾਸ਼ਾ ਨੂੰ ਪ੍ਰਫੁੱਲਤ ਕਰਨ ਦੇ ਵਧੀਆ ਉਪਰਾਲੇ ਹੋਏ ਤੇ ਇਹ ਲਗਾਤਾਰ ਹੋ ਰਹੇ ਹਨ ਅਤੇ ਇਨ੍ਹਾਂ ਵਿਚ ਯੂਨੀਵਰਸਿਟੀ ਆਫ਼ ਬ੍ਰਿਟਿਸ਼ ਕੋਲੰਬੀਆ ਆਪਣਾ ਭਰਪੂਰ ਯੋਗਦਾਨ ਪਾ ਰਹੀ ਹੈ। ਕੈਨੇਡਾ ਦੀ ਹੋਰ ਯੂਨੀਵਰਸਿਟੀਆਂ ਨੂੰ ਵੀ ਇਸ ਦੇ ਲਈ ਅੱਗੇ ਆਉਣਾ ਚਾਹੀਦਾ ਹੈ।

ਟੋਰਾਂਟੋ ਏਰੀਏ ਵਿਚ ਪੰਜਾਬੀ ਭਾਸ਼ਾ ਟੋਰਾਂਟੋ ਏਰੀਏ ਵਿਚ ਪੰਜਾਬੀ 1960'ਵਿਆਂ ਦੇ ਅਖ਼ੀਰ ਵਿਚ ਤੇ 1970'ਵਿਆਂ ਦੇ ਸ਼ੁਰੂ ਵਿਚ ਆਏ। ਇੱਥੇ ਆ ਕੇ ਵੀ ਉਨ੍ਹਾਂ ਵੱਲੋਂ ਸੱਭ ਤੋਂ ਪਹਿਲਾਂ ਗੁਰਦੁਆਰੇ ਸਥਾਪਿਤ ਕੀਤੇ ਗਏ ਅਤੇ ਆਪਣੇ ਬੱਚਿਆਂ ਨੂੰ ਉੱਥੇ ਪੰਜਾਬੀ ਪੜ੍ਹਾਉਣੀ ਆਰੰਭ ਕੀਤੀ। ਹੁਣ ਇਹ ਬਰੈਂਪਟਨ ਦੇ ਪ੍ਰਾਈਵੇਟ ਖ਼ਾਲਸਾ ਸਕੂਲਾਂ ਤੋਂ ਇਲਾਵਾ ਕਈ ਪਬਲਿਕ ਸਕੂਲਾਂ ਵਿਚ ਵੀ ਪੜ੍ਹਾਈ ਜਾ ਰਹੀ ਹੈ। ਬਰੈਂਪਟਨ ਵਿਚ ਵਿਚਰ ਰਹੀਆਂ ਸਾਹਿਤਕ, ਸਮਾਜਿਕ ਤੇ ਸੱਭਿਆਚਾਰਕ ਸੰਸਥਾਵਾਂ ਵੀ ਪੰਜਾਬੀ ਭਾਸ਼ਾ ਨੂੰ ਅੱਗੇ ਵਧਾਉਣ ਵਿਚ ਆਪਣਾ ਯੋਗਦਾਨ ਰਹੀਆਂ ਹਨ। ਇਨ੍ਹਾਂ ਵਿਚ 'ਕਲਮਾਂ ਦਾ ਕਾਫ਼ਲਾ', 'ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ', 'ਕਲਮ ਫ਼ਾਊਂਡੇਸ਼ਨ' ਵਰਗੀਆਂ ਸਾਹਿਤਕ ਸੰਸਥਾਵਾਂ ਬੜਾ ਵਧੀਆ ਕੰਮ ਕਰ ਰਹੀਆਂ ਹਨ। ਕਈ ਪੰਜਾਬੀ ਸੰਸਥਾਵਾਂ ਵੱਲੋਂ ਬੱਚਿਆਂ ਲਈ ਪੰਜਾਬੀ ਦੀ ਸੁੰਦਰ ਲਿਖਾਈ ਅਤੇ ਭਾਸ਼ਨਾਂ ਦੇ ਮੁਕਾਬਲੇ ਆਯੋਜਿਤ ਕੀਤੇ ਜਾਂਦੇ ਹਨ। 'ਪੰਜਾਬੀਆਂ ਦੇ ਗੜ੍ਹ' ਬਰੈਂਪਟਨ ਵਿਚ ਪਹਿਲੀ ਵਿਸ਼ਵ ਪੰਜਾਬੀ ਕਾਨਫ਼ਰੰਸ 2009 ਵਿਚ ਕਰਵਾਈ ਗਈ ਜਿਸ ਵਿਚ ਪੰਜਾਬੀ ਭਾਸ਼ਾ ਨੂੰ ਕੈਨੇਡਾ ਵਿਚ ਵਿਕਸਿਤ ਕਰਨ ਲਈ ਉਪਰਾਲੇ ਕਰਨ 'ਤੇ ਜ਼ੋਰ ਦਿੱਤਾ ਗਿਆ। ਵਿਸ਼ਵ ਪੰਜਾਬੀ ਕਾਨਫ਼ਰੰਸਾਂ ਦਾ ਇਹ ਸਿਲਸਿਲਾ ਲਗਾਤਾਰ ਜਾਰੀ ਹੈ ਅਤੇ ਹਰ ਸਾਲ ਜੂਨ-ਜੁਲਾਈ ਮਹੀਨੇ ਇੱਥੇ ਦੋ-ਤਿੰਨ ਜਾਂ ਇਸ ਤੋਂ ਵਧੇਰੇ ਕਾਨਫ਼ਰੰਸਾਂ ਹੋ ਜਾਂਦੀਆਂ ਹਨ। ਹਰੇਕ ਕਾਨਫ਼ਰੰਸ ਵਿਚ ਕੈਨੇਡਾ ਵਿਚ ਪੰਜਾਬੀ ਭਾਸ਼ਾ ਦੇ ਪਸਾਰ ਅਤੇ ਪ੍ਰਚਾਰ ਦੀ ਗੱਲ ਕੀਤੀ ਜਾਂਦੀ ਹੈ। ਪੰਜਾਬੀ ਭਾਸ਼ਾ ਨੂੰ ਹੋਰ ਅੱਗੇ ਵਧਾਉਣ ਲਈ ਕੀਤੇ ਜਾ ਰਹੇ ਉਪਰਾਲਿਆਂ ਦੇ ਦਾਅਵੇ ਅਤੇ ਵਾਅਦੇ ਕੀਤੇ ਜਾਂਦੇ ਹਨ। ਪਰ ਇਹ ਸੱਭ ਏਨਾ ਹੀ ਕਾਫ਼ੀ ਨਹੀਂ ਹੈ। ਇਸ ਨੂੰ ਅਮਲੀ ਰੂਪ ਵਿਚ ਅੱਗੋਂ ਬਹੁਤ ਕੁਝ ਕਰਨਾ ਬਾਕੀ ਹੈ ਜਿਸ ਦੇ ਲਈ ਇਕੱਠੇ ਹੋ ਕੇ ਸਮੂਹਿਕ ਯਤਨਾਂ ਦੀ ਲੋੜ ਹੈ।

**ਸਾਰ-ਅੰਸ਼**

ਕੈਨੇਡਾ ਵਿਚ ਪੰਜਾਬੀਆਂ ਤੇ ਪੰਜਾਬੀ ਬੋਲੀ ਦੀ ਆਮਦ 1897 ਵਿਚ ਵੈਨਕੂਵਰ ਤੋਂ ਹੋਈ ਜਦੋਂ ਮਹਾਰਾਣੀ ਵਿਕਟੋਰੀਆ ਦੇ ਰਾਜ ਦੀ 'ਡਾਇਮੰਡ ਜੁਬਲੀ' ਮਨਾਉਣ ਲਈ ਬ੍ਰਿਟਿਸ਼ ਆਰਮੀ ਦੇ ਸਿੱਖ ਫ਼ੌਜੀਆਂ ਦਾ ਇੱਕ ਦਸਤਾ ਮਹਾਰਾਣੀ ਨੂੰ ਸਲਾਮੀ ਦੇਣ ਲਈ ਇੰਗਲੈਂਡ ਤੋਂ ਆਇਆ ਅਤੇ ਉਨ੍ਹਾਂ ਨੇ ਫਿਰ ਇੱਥੇ ਹੀ ਆਬਾਦ ਹੋਣ ਦਾ ਫ਼ੈਸਲਾ ਕਰ ਲਿਆ। ਨੇ ਵੀਹਵੀਂ ਸਦੀ ਦੇ ਪਹਿਲੇ ਦਹਾਕੇ ਵਿਚ ਆਏ ਪੰਜਾਬੀਆਂ ਧਾਰਮਿਕ ਅਕੀਦੇ ਪੂਰੇ ਕਰਨ ਲਈ ਪੰਜਾਬੀਆਂ ਗੁਰਦੁਆਰੇ ਬਣਾਏ ਜਿੱਥੇ ਬੱਚਿਆਂ ਨੂੰ ਪੰਜਾਬੀ ਪੜ੍ਹਨੀ ਸਿਖਾਉਣ ਦੀਆਂ ਕਲਾਸਾਂ ਸ਼ੁਰੂ ਕੀਤੀਆਂ ਗਈਆਂ। ਇਹ ਕੈਨੇਡਾ ਵਿਚ ਪੰਜਾਬੀ ਦਾ ਮੁੱਢਲਾ ਦੌਰ ਸੀ ਜਿਸ ਵਿੱਚੋਂ ਗੁਜ਼ਰ ਕੇ ਹੌਲੀ-ਹੌਲੀ ਇਸ ਦਾ ਵਿਕਾਸ ਹੋਇਆ ਅਤੇ ਅੱਜ ਇਹ ਕੈਨੇਡਾ ਵਿਚ ਬੋਲੀਆਂ ਜਾਣ ਵਾਲੀਆਂ ਭਾਸ਼ਾਵਾਂ ਅੰਗਰੇਜ਼ੀ ਤੇ ਫ਼ਰੈਂਚ ਤੋਂ ਬਾਅਦ ਇਸ ਦਾ ਬੀ.ਸੀ. ਵਿਚ ਤੀਸਰਾ ਤੇ ਕੈਨੇਡਾ ਦੇ ਕਈ ਹੋਰ ਸੂਬਿਆਂ ਵਿਚ ਚੌਥਾ ਸਥਾਨ ਹੈ। ਕੈਨੇਡਾ ਵਿਚ ਇਸ ਦੇ ਵਿਕਾਸ ਲਈ ਯੂਨੀਵਰਸਿਟੀ ਆਫ਼ ਬ੍ਰਿਟਿਸ਼ ਕੋਲੰਬੀਆ ਅਤੇ ਬੀ.ਸੀ. ਦੀ ਸੰਸਥਾ 'ਪਲੀ' (ਪੰਜਾਬੀ ਲੈਂਗੁਏਜ ਐਜੂਕੇਸ਼ਨ ਐਸੋਸੀਏਸ਼ਨ) ਦਾ ਭਰਪੂਰ ਯੋਗਦਾਨ ਹੈ। ਟੋਰਾਂਟੋ ਏਰੀਏ ਵਿਚ ਪੰਜਾਬੀ ਪਿਛਲੀ ਸਦੀ ਦੇ ਸੱਠਵਿਆਂ ਤੇ ਸੱਤਰਵਿਆਂ ਵਿਚ ਆਏ ਅਤੇ ਇੱਥੇ ਵੀ ਉਨ੍ਹਾਂ ਨੇ ਪੰਜਾਬੀ ਭਾਸ਼ਾ ਨੂੰ ਫੈਲਾਉਣ ਦੇ ਯਤਨ ਕੀਤੇ। ਬਰੈਂਪਟਨ ਵਿਚ ਕਈ ਸਾਹਿਤਕ, ਸਮਾਜਿਕ ਤੇ ਸੱਭਿਆਚਾਰ ਸੰਸਥਾਵਾਂ ਆਪਣੇ ਪੱਧਰ 'ਤੇ ਕੋਸ਼ਿਸ਼ਾਂ ਕਰ ਰਹੀਆਂ ਹਨ। ਇਸ ਦੇ ਵਿਕਾਸ ਲਈ ਹੁਣ ਤੀਕ ਕਈ ਵਿਸ਼ਵ ਪੰਜਾਬੀ ਕਾਨਫ਼ਰੰਸਾ ਦਾ ਆਯੋਜਨ ਕੀਤਾ ਗਿਆ ਹੈ ਅਤੇ ਇਹ ਸਿਲਸਿਲਾ ਨਿਰੰਤਰ ਜਾਰੀ ਹੈ। ਅਖੀਰ ਵਿਚ ਮੈਂ ਏਹੀ ਕਹਿਣਾ ਚਾਹਾਂਗਾ ਕਿ ਕੈਨੇਡਾ ਵਿਚ ਪੰਜਾਬੀ ਭਾਸ਼ਾ ਨੂੰ ਅੱਗੇ ਵਧਾਉਣ ਲਈ ਅੱਗੋਂ ਹੋਰ ਸਾਰਥਿਕ ਯਤਨਾਂ ਦੀ ਲੋੜ ਹੈ।

ਹਵਾਲੇ : - 1. ਸਟੈਟਿਸਟਿਕਸ ਕੈਨੇਡਾ -1906
2. ਸਟੈਟਿਸਟਿਕਸ ਕੈਨੇਡਾ -1911
3. ਸਟੈਟਿਸਟਿਕਸ ਕੈਨੇਡਾ -2011
4. Balwant Sangeda, "PLEA Jashan Report, October 28, 2023 Repot", Kwantlen Polytechnic University, Surrey.
5. Ravleen Kaur, "Shared Language and Culture : Documenting and Creating Punjabi History in BC", Department of History, University of British Columbia, Vancouver.
6. Anny Murphy, "UBC Oral History Project", University of British Columbia, Vancouver.
7. "Punjabi Studies Oral History Research Project and Program Development, 2019-2021", University of British Columbia, Vancouver.

CANADIAN TRUCK TRAINING CENTRE






ਹਰਪਾਲ ਸਿੰਘ ਮਾਨ

ਤਸੱਲੀਬਖਸ਼ ਸੇਵਾਵਾਂ ਲਈ

* ਪੰਜਾਬੀ ਵਿੱਚ ਰਿਟਨ ਟੈਸਟ ਦਾ ਵਿਸ਼ੇਸ਼ ਪ੍ਰਬੰਧ,
* ਕੰਮ ਲੱਭ ਕੇ ਦੇਣ ਦੀ ਵੀ ਗਰੰਟੀ

Approved private career college, Training Classes for Air Brakes, Dangerous Goods & Log Book

7270 Torbram Road, Unit 2 & 3
Mississauga (Torbram & Drew)
905-673-7200
416-294-1662



UNIVERSAL MORTGAGES
CALL MUNISH TEGI
Mortgage Agent Level 1
LIC# M14000011
BROKERAGE LIC# 10039
416-317-3487
Need to refinance or payout an existing mortgage?
WE'VE SOLUTION FOR ALL YOUR MORTGAGE NEEDS

# ਆਮ ਲੋਕਾਂ ਨੂੰ ਲੱਗੀਆਂ ਜੋਕਾਂ !

**ਬੁੱਧ ਚਿੰਤਨ**

ਪੰਜਾਬ ਕਦੇ ਸੋਨੇ ਦੀ ਚਿੜੀ ਹੁੰਦਾ ਸੀ ਪਰ ਸਿਆਸੀ ਪਾਰਟੀਆਂ ਦੇ ਆਗੂਆਂ ਨੇ ਇਸਨੂੰ ਲੁੱਟ ਕੇ ਕੰਗਾਲ ਬਣਾ ਦਿੱਤਾ ਹੈ। ਇਹ ਸਿਆਸੀ ਪਾਰਟੀਆਂ ਸਾਨੂੰ ਲੁੱਟ ਦੀਆਂ ਰਹੀਆਂ। ਅਸੀਂ ਇਹਨਾਂ ਦੇ ਗੁਲਾਮ ਬਣ ਕੇ ਆਪਸ ਵਿੱਚ ਲੜਦੇ ਰਹੇ। ਸਿਆਸੀ ਪਾਰਟੀਆਂ ਨੇ ਵਿਕਾਸ ਦੇ ਨਾਂ ਉੱਤੇ ਆਪਣੀਆਂ ਜ਼ਮੀਨਾਂ ਤੇ ਜਾਇਦਾਦਾਂ ਬਣਾਈਆਂ। ਸਿੱਖ ਕੌਮ ਨੂੰ ਪੰਥ ਖਤਰੇ ਵਿਚ ਹੈ ਦਾ ਨਾਅਰਾ ਦੇ ਕੇ ਪੰਥ ਰਤਨ ਪ੍ਰਕਾਸ਼ ਸਿੰਘ ਬਾਦਲ ਪੰਜ ਦਹਾਕਿਆਂ ਤੋਂ ਲੁੱਟ ਦਾ ਰਿਹਾ। ਹੁਣ ਉਸ ਦੀ ਬਿੱਲੀ ਥੈਲਿਓਂ ਬਾਹਰ ਆ ਗਈ ਹੈ। ਸੁਖਬੀਰ ਬਾਦਲ ਹੁਣ ਇਖਲਾਕੀ ਤੇ ਸਿਆਸੀ ਤੌਰ ਉੱਤੇ ਮਰ ਗਿਆ ਹੈ। ਇਹਨਾਂ ਨੇ ਪੰਜਾਬ ਦੀ ਜੋ ਹਾਲਤ ਕੀਤੀ ਹੈ, ਉਹ ਕੁੱਝ ਇਸ ਤਰ੍ਹਾਂ ਦੀ ਹੈ। ਪੰਜਾਬ ਦੀ ਹਾਲਤ ਉਸ ਜਜ਼ਮਾਨ ਵਰਗੀ ਹੈ ਜਿਹੜਾ ਨਾਈ ਕੋਲ ਗਿਆ ਆਪਣੀ ਹਜ਼ਾਮਤ ਕਰਵਾਉਣ ਗਿਆ ਸੀ । ਕਹਿੰਦਾ " ਵਾਲ ਕਿੱਡੇ ਕਿੱਡੇ ਆ ਰਾਜਾ ਜੀ ?"" ਉਹ ਹੱਸ ਕੇ ਬੋਲਿਆ " ਦੋ ਮਿੰਟ ਰੁਕ ਤੇਰੇ ਮੂਹਰੇ ਆ ਜਾਣੇ ਨੇ !" ਪੰਜਾਬ ਨੇ ਆਪਣੀ ਹਜ਼ਾਮਤ ਕਰਵਾ ਲਈ ਹੈ। ਵਾਲ ਅਜੇ ਦੇਖਣੇ ਹਨ । ਦੇਖੋਂ ਕਿਹੋ ਜਿਹੇ ਹਨ, ਜੂੰਆਂ ਵਾਲੇ ਜਾਂ ਸਾਫ ? ਕੀ ਹੁਣ ਆਮ ਆਦਮੀ ਦੀ ਹਾਲਤ ਬਦਲ ਜਾਵੇਗੀ ? ਮਾਫੀਆ ਰਾਜ ਤੇ ਭ੍ਰਿਸ਼ਟਾਚਾਰ ਮੁਕਤ ਅਫਸਰਸ਼ਾਹੀ ਹੋ ਜਾਵੇਗੀ ? ਮਾਲ ਵਿਭਾਗ ਦੀਆਂ ਤਹਿਸੀਲਾਂ ਦੇ ਵਿੱਚੋਂ ਲੋਕਾਂ ਦਾ ਲਹੂ ਪੀਣ ਵਾਲੀਆਂ ਜੋਕਾਂ ਮੁਕ ਜਾਣਗੀਆਂ । ਆਮ ਆਦਮੀ ਦੀ ਹਾਲਤ ਮੁਫਤ ਦਾ ਮਾਲ ਛਕ ਕੇ ਬਦਲ ਜਾਵੇਗੀ ? ਜਿਸਦੀ ਹਾਲਤ ਤਾਂ ਇਹੋ ਜਿਹੀ ਹੈ ? ਇਸ ਵਕਤ ਆਮ ਲੋਕਾਂ ਦੀ ਹਾਲਤ ਇਹ ਬਣ ਗਈ/ ਜਾਂ ਬਣਾ ਦਿੱਤੀ / ਜਾਂ ਆਪ ਬਣਾ ਲਈ ਹੈ ਤੁਸੀਂ ਕੁੱਝ ਵੀ ਸਮਝ ਲਵੋ। ਜਦੋਂ ਸਮਾਜ ਵਿੱਚ ਕੋਈ ਸੰਕਟ ਆਉਂਦਾ ਐ, ਸਿਆਸਤ ਨਾਲ ਹੀ ਆ ਵੜਦੀ ਐ। ਆਪਣੇ ਸਿਆਸੀ ਵਿਰੋਧੀ ਨੂੰ ਬਦਨਾਮ ਕਰਨ/ ਖਤਮ ਕਰਨ ਲਈ ਸਾਜਿਸ਼ ਸ਼ੁਰੂ ਹੋ ਜਾਂਦੀ ਹੈ। ਦੁਨੀਆ ਦੀ ਸਰਮਾਏਦਾਰੀ ਨੇ ਬਿਜਨਸ ਵਿੱਚ ਵਾਧਾ ਕਰਨ ਲਈ ਜਿਹੜੀ ਕਰੋਨਾ ਦੀ ਖੇਡ ਖੇਡੀ ਐ। ਉਸ ਦੀ ਲਪੇਟ ਆਪ ਵੀ ਆ ਗਏ। ਹੁਣ ਕਿਥੇ ਹੈ ਕੋਵਿਡ ਤੇ ਮਹਾਂਮਾਰੀ ? ਸਾਡੇ ਦੇਸ ਹਾਕਮਾਂ ਨੂੰ ਪਤਾ ਸੀ ਉਹਨਾਂ ਕੰਨ ਵਲੇਟੀਂ ਰੱਖੇ। ਜਦੋਂ ਸਥਿਤੀ ਦਿਨ ਬ ਦਿਨ ਗੰਭੀਰ ਹੋ ਗਈ ਸੀ ਤਾਂ ਬਚਾ ਦੇ ਨਾਲੋਂ ਸਿਆਸਤ ਵੱਧ ਧਿਆਨ ਵੱਧ ਹੋ ਗਿਆ ਸੀ। ਦੇਸ਼ ਵਿੱਚ ਰਾਜ ਕਰਦਾ ਸ਼੍ਰੇਣੀ ਨੇ ਇਸ ਬੀਮਾਰੀ ਨੂੰ ," ਹਿੰਦੂ ਮੁਸਲਮਾਨ " ਦੇ ਵਿੱਚ ਬਦਲਣ ਲਈ ਹਰ ਕੋਸ਼ਿਸ਼ ਸ਼ੁਰੂ ਕਰ ਦਿੱਤੀ ਸੀ। ਪਰ ਬਚਾਅ ਰਿਹਾ, ਨਹੀਂ ਤਾਂ ਦੰਗਿਆਂ ਦਾ ਡਰ ਸੀ। ਦੇਸ਼ ਵਿੱਚ ਅਕਲ ਤੋ ਬਿਨਾਂ ਕਿਸੇ ਚੀਜ਼ ਦਾ ਘਾਟਾ ਨਹੀਂ। ਜਦ ਪੰਜਾਬ ਦੀ ਧਰਤੀ ਉਤੇ ਭੀੜ ਪਈ ਲੋਕ ਹੀ ਇੱਕ ਦੂਜੇ ਆਸਰਾ ਤੇ ਸਹਾਰਾ ਬਣਦੇ ਰਹੇ ਤੇ ਰਹਿਣਗੇ । ਸੱਤਾ ਬਦਲੀ ਹੈ ਨਾ ਕਿ ਸਿਸਟਮ ਬਦਲਿਆ ਹੈ । ਸਿਸਟਮ ਤਾਂ ਤਾਨਾਸ਼ਾਹੀ ਬਣਾਇਆ ਜਾ ਰਿਹਾ ਹੈ । ਹਰ ਪਾਸੇ ਤੋਂ ਚੂੜੀਆਂ ਕੱਸੀਆਂ ਜਾ ਰਹੀਆਂ ਹਨ । ਨਵੇਂ ਕਾਨੂੰਨ ਬਣ ਰਹੇ ਹਨ । ਜ਼ੁਬਾਨ ਉਤੇ ਤਾਲਾ ਲਾਇਆ ਜਾ ਰਿਹਾ ਹੈ । ਲੋਕਾਂ ਦਾ ਸਬਰ ਸੰਤੋਖ ਪਰਖਿਆ ਜਾ ਰਿਹਾ ਹੈ । ਲੋਕਾਂ ਉਪਰ ਤਰ੍ਹਾਂ ਤਰ੍ਹਾਂ ਦੇ ਟੈਸਟ ਕੀਤੇ ਜਾ ਰਹੇ ਹਨ । ਹਰ ਤਰ੍ਹਾਂ ਦੇ ਹਮਲੇ ਤੇ ਜੁਮਲੇ ਜਾਰੀ ਹਨ । ਲੋਕਾਂ ਦੇ ਟੈਕਸ ਉਤੇ 58,5000 ਹਜ਼ਾਰ ਦੇ ਵਿੱਚ ਵੀ ਵੀ ਆਈ ਪੀ ਜੀਵਨ ਜਿਉ ਰਹੇ ਹਨ। ਅਰਬਾਂ ਰੁਪਏ ਤਨਖਾਹ / ਪੈਨਸ਼ਨ ਲੈਂਦੇ ਹਨ। ਦੇਸ਼ ਵਿੱਚ ਸਿਆਸਤ ਤੋਂ ਬਿਨ੍ਹਾਂ ਕੁੱਝ ਵੀ ਨਹੀਂ। ਮੈਡੀਕਲ ਸਹੂਲਤਾਂ ਨਹੀਂ। ਬਿਨਾ ਹਥਿਆਰ ਦੇ ਡਾਕਟਰੀ ਅਮਲਾ ਇਸ ਮਹਾਮਾਰੀ ਖਿਲਾਫ ਜੰਗ ਲੜਦਾ ਰਿਹਾ ਹੈ। ਹਵਨ / ਪੂਜਾ / ਗਊ ਮੂਤਰ/ ਗਊ ਗੋਬਰ ਦੀ ਸਿਆਸਤ ਚਲਦੀ ਰਹੀ ਐ। ਲੋਕਾਂ ਨੂੰ ਭੁੱਖ ਨਾਲ ਲੜਨ ਲਈ ਹੁਕਮ ਜਾਰੀ ਹੋਏ। ਇਹ ਸੱਚ ਹੈ ਕਿ ਬਹੁਗਿਣਤੀ ਅਵਾਮ ਨੂੰ ਪਤਾ ਨਹੀਂ ਕਿ ਉਹ ਟੈਕਸ ਦੇਦੇ ਹਨ ਤੇ ਦੇਂਦੇ ਕਿਵੇਂ ਹਨ ? ਜੋ ਵੀ ਚੀਜ਼ ਖਰੀਦ ਟੈਕਸ ਦੇਦਾ ਹੈ। ਵੱਡੇ ਲੋਕ ਤਾਂ ਅਮਦਨ ਉਤੇ ਲੱਗਣ ਵਾਲਾ ਟੈਕਸ ਵੀ ਨਹੀਂ ਦੇਂਦੇ ਹਨ ਤੇ ਕਈ ਸੀ ਏ ਦੀ ਕਿਰਪਾ ਦੇ ਨਾਲ ਵਿੰਗੇ ਟੇਡੇ ਢੰਗ ਨਾਲ਼ ਰਾਹਤ ਵੀ ਲੈਂਦੇ ਹਨ. ਇਹ ਲੋਕ ਉਹ ਹਨ ਜਿਹਨਾਂ ਦੀ ਸਰਕਾਰੇ ਦਰਬਾਰੇ ਪਹੁੰਚ ਹੈ। ਵੱਡੀਆਂ ਫੈਕਟਰੀਆਂ ਤੇ ਕੰਪਨੀਆਂ ਦੇ ਮਾਲਕ ਹਨ.ਜੋ ਇੱਕ ਪਾਸੇ ਮਜ਼ਦੂਰਾਂ ਦਾ ਲਹੂ ਪੀਦੇ ਹਨ ਤੇ ਦੂਜੇ ਟੈਕਸ ਬਚਾਉਣ ਲਈ ਹਰ ਤਰ੍ਹਾਂ ਦੀ ਹੇਰਾਫੇਰੀ ਕਰਦੇ ਹਨ. ਜਦਕਿ ਦੂਜੇ ਪਾਸੇ ਦੇਸ਼ ਦੇ ਲੋਕ ਤਾਂ ਕੋਈ ਵੀ ਵਸਤੂ ਖਰੀਦਣ ਤੋਂ ਪਹਿਲਾਂ ਹੀ ਇਹ ਟੈਕਸ ਦੇ ਅਦਾ ਕਰਦੇ ਹਨ। ਕਿਉਂਕਿ ਹਰ ਵਸਤੂ ਦੇ ਉਪਰ ਪਹਿਲਾਂ ਹੀ ਟੈਕਸ ਲੱਗਿਆ ਹੁੰਦੇ ਹੈ। ਤੁਸੀਂ ਸਵੇਰੇ ਤੋਂ ਟੈਕਸ ਭਰਦੇ ਚਾਹ, ਦੁੱਧ, ਚੀਨੀ, ਗੈਸ, ਬਿਜਲੀ, ਪਾਣੀ, ਦਾਲਾਂ, ਕੱਪੜੇ, ਮੋਬਾਇਲ ਤੇਲ, ਜ਼ਮੀਨ ਵੇਚਣ ਖਰੀਦਣ ਤੇ ਸਭ ਤੋਂ ਵੱਧ ਸ਼ਰਾਬ ਤੇ ਸਿਰਗਟ ਤੇ ਤਮਾਖੂ ਤੇ ਲੋਕ ਟੈਕਸ ਦੇ ਵਸਤੂਆਂ ਖਰੀਦ ਦੇ ਹਨ। ਜਿਹੜੀਆਂ ਕੰਪਨੀਆਂ ਤੇ ਫੈਕਟਰੀਆਂ ਇਹ ਸਮਾਨ ਬਣਾਉਦੀਆਂ ਨੇ ਉਹਨਾਂ ਨੇ ਸਰਕਾਰਾਂ ਨੂੰ ਉਹ ਟੈਕਸ ਦੇਣਾ ਹੁੰਦੇ। ਸਰਕਾਰਾਂ ਨੇ ਇਸ ਦੇ ਨਾਲ ਦੇਸ਼ ਦਾ ਵਿਕਾਸ ਕਰਨਾ ਹੁੰਦੇ। ਸਰਕਾਰੀ ਮੁਲਾਜ਼ਮਾਂ ਤਨਖਾਹ ਤੇ ਪੈਨਸ਼ਨ ਦੇਣੀਆਂ ਹੁੰਦੀਆਂ ਹਨ। ਸਰਕਾਰ ਲੋਕਾਂ ਦੇ ਦਿੱਤੇ ਟੈਕਸ ਦੇ ਨਾਲ਼ ਸੜਕਾਂ ਬਣਾਉਂਦੀ ਹੈ...ਫੇਰ ਲੋਕਾਂ ਤੋਂ ਟੋਲ ਟੈਕਸ ਵਸੂਲਦੀ ਹੈ। ਲੋਕ ਚੁੱਪਚਾਪ ਦੇਈ ਜਾਂਦੇ ਹਨ.ਕੋਈ ਉਜਰ ਨਹੀਂ ਕਰਦਾ। ਜੇ ਕੋਈ ਸਿਆਸੀ ਆਗੂ ਇਸ ਦਾ ਵਿਰੋਧ ਕਰਦਾ ਹੈ ਤਾਂ ਉਹ ਆਪਣਾ ਹਿੱਸੇ ਲਈ ਕਰਦਾ ਹੈ। ਜਿਹੜੀ ਪੁਲਿਸ, ਹੱਕਾਂ ਲਈ ਸੰਘਰਸ਼ ਕਰਦੇ ਲੋਕਾਂ ਨੂੰ ਕੁੱਟਦੀ ਹੈ..ਮਾਰਦੀ ਹੈ..ਉਹ ਵੀ ਲੋਕਾਂ ਦੇ ਦਿੱਤੇ ਟੈਕਸ ਦੇ ਵਿੱਚੋਂ ਤਨਖਾਹ ਲੈਂਦੀ ਹੈ। ਚਪੜਾਸੀ ਤੋਂ ਮੁੱਖ ਸਕੱਤਰ ਤੱਕ...ਸਰਪੰਚ ਤੋ ਪ੍ਰਧਾਨ ਮੰਤਰੀ ਤੇ ਰਾਸ਼ਟਰਪਤੀ ਤੱਕ। ਸਭ ਸੁੱਖ ਸਹੂਲਤਾਂ ਲੋਕਾਂ ਦੇ ਸਿਰ ਤੇ ਕਰਦੇ ਹਨ। ਜਦੋ ਰੋਡ ਟੈਕਸ ਤਾਂ ਫੇਰ ਟੋਲ ਟੈਕਸ ਕਿਉਂ ? ਜੇ ਨੌਜਵਾਨਾਂ ਨੂੰ ਰੁਜ਼ਗਾਰ ਨਹੀਂ ਦੇਣਾ,ਸਿੱਖਿਆ ਨਹੀਂ ਦੇਣੀ, ਸਿਹਤ ਦੀ ਸੰਭਾਲ ਲਈ ਹਸਪਤਾਲ ਤੇ ਮੁਫ਼ਤ ਇਲਾਜ ਨਹੀਂ ਕਰਨਾ ਫੇਰ ਟੈਕਸ ਦੇਣਾ ? ਲੋਕਾਂ ਦੇ ਨਾਲ਼ ਦਿਨ ਵੇਲ਼ੇ ਠੱਗੀ ਮਾਰੀ ਜਾ ਰਹੀ ਹੈ। ਜਨਤਕ ਅਦਾਰਿਆਂ ਨੂੰ ਬਦਨਾਮ ਕਰਨ ਲਈ ਭ੍ਰਿਸ਼ਟਾਚਾਰ ਫੈਲਾਇਆ ਗਿਆ। ਮੁਲਾਜ਼ਮ ਵਰਗ ਦੀਆਂ ਤਨਖਾਹਾਂ ਵਧਾ ਕੇ, ਉਹਨਾਂ ਦੇ ਚੰਗਲੇ ਸੁਆਦ ਬਣਾ ਦਿੱਤੇ। ਸਰਕਾਰੀ ਸਕੂਲ , ਕਾਲਜ ਤੇ ਯੂਨੀਵਰਸਿਟੀਆਂ ਦੇ ਵਿੱਚ ਅਧਿਆਪਕ ਘੱਟ ਕੀਤੇ ਤਾਂ ਕਿ ਨਿੱਜੀਕਰਨ ਵੱਲ ਵਧਿਆ ਜਾ ਸਕੇ। ਸਿਹਤ ਤੇ ਸਿੱਖਿਆ ਦਾ ਮਾਫੀਆ ਬਣ ਗਿਆ ਹੈ । ਸਿਹਤ, ਸਿਖਿਆ, ਰੁਜ਼ਗਾਰ ਤੇ ਸਮਾਜਿਕ ਸੁਰੱਖਿਆ ਦਾ ਬੁਨਿਆਦੀ ਤੇ ਸੰਵਿਧਾਨਕ ਹੱਕ ਖੋਹ ਕੇ ਸਭ ਪਾਸੇ ਨਿੱਜੀ ਕੰਪਨੀਆਂ ਨੂੰ ਖੁਲ੍ਹ ਦਿੱਤੀ ਤਾਂ ਕਿ ਲੋਕਾਂ ਨੂੰ ਚੂਸ ਸਕਣ । ਸਿਹਤ ਦਾ ਇਲਾਜ ਮਹਿੰਗਾ ਹੋਇਆ । ਨਕਲੀ ਦਵਾਈਆਂ ਤੇ ਨਕਲੀ ਖਾਣ ਵਾਲੀਆਂ ਵਸਤੂਆਂ ਨੇ ਲੋਕਾਂ ਨੂੰ ਮਰਨ ਲਈ ਮਜਬੂਰ ਕਰ ਦਿੱਤਾ ਹੈ । ਕੌਣ ਹਨ ਜੋ ਨਕਲੀ ਕਾਰੋਬਾਰ ਕਰਦੇ ਹਨ। ਸਾਡੇ ਹੀ ਭੈਣ ਭਰਾ ਤੇ ਦੋਸਤ ਮਿੱਤਰ ਹਨ । ਕੋਈ ਬਦੇਸ਼ੀ ਨਹੀਂ ? ਕੌਣ ਕੀ ਕਾਰੋਬਾਰ ਕਰਦਾ ਹੈ.ਸਭ ਦਾ ਸਭ ਨੂੰ ਪਤਾ ਹੈ ਪਰ ਸਭ ਚੁੱਪ ਹਨ..ਆਪਾਂ ਕੀ ਲੈਣਾ ? ".ਜੋ ਕਰੂਗਾ ਤੇ ਭਰੂਗਾ" ਆਖਦੇ ਹਨ । ਧਰਮ ਸਿਖਾਇਆ ਜਾ ਰਿਹਾ ਹੈ। ਕਿਸੇ ਨੂੰ ਕੁੱਝ ਨਹੀਂ ਹੋਇਆ ਕਦੇ ? ਜਦੋਂ ਅਸੀਂ ਹਰ ਤਰ੍ਹਾਂ ਦਾ ਟੈਕਸ ਅਦਾ ਕਰਦੇ ਹਾਂ .ਫਿਰ ਕਿਉਂ ਪਲ ਪਲ ਮਰਦੇ ਹਾਂ ਕਿਉਂ ਨਹੀਂ ਮੁੱਢਲੀ ਤੋਂ ਉਚੇਰੀ ਤੱਕ ਸਿਖਿਆ ਮੁਫ਼ਤ ਦਿੱਤੀ ਜਾਂਦੀ ? ਕਿਉਂ ਨਹੀਂ ਸਰਕਾਰੀ ਹਸਪਤਾਲਾਂ ਵਿੱਚ ਮੁਫ਼ਤ ਇਲਾਜ ਨਹੀਂ ਹੁੰਦੇ ? ਕਿਉਂ ਨਹੀਂ ਨੌਜਵਾਨਾਂ ਨੂੰ ਨੌਕਰੀਆਂ ਦਿੱਤੀਆਂ ਜਾਦੀਆਂ ? ਸਰਕਾਰੀ ਮੁਲਾਜ਼ਮ ਤੇ ਮੰਤਰੀ ਦਾ ਇਲਾਜ ਕਿਉਂ ਸਰਕਾਰੀ ਖਰਚੇ ਉਤੇ ਹੁੰਦਾ ? ਕਿਰਤੀ ਭੁੱਖ ਨਾਲ ਮਰਦੇ ਹਨ, ਵਿਹਲੜ ਸਿਆਸਤਦਾਨ ਹਰ ਤਰ੍ਹਾਂ ਦੀਆਂ ਸੁਖ ਸਹੂਲਤਾਂ ਨਾਲ ਪਲਦੇ ਹਨ। ਕਈ ਕਈ ਪੈਨਸ਼ਨਾਂ ਲੈਣ ਵਾਲੇ ਸਿਆਸੀ ਹਨ। ਉਹ ਐਸ ਕਰਦੇ ਹਨ । ਆਮ ਲੋਕ ਪਲ ਪਲ ਤੇ ਹਰ ਸਾਹ ਮਰਦੇ ਹਨ। ਲੋਕਾਂ ਨੂੰ ਇੱਕਠੇ ਹੋਣ ਤੋਂ ਰੋਕਣ ਲਈ ਜਾਤੀਆਂ ਤੇ ਧਰਮਾਂ ਵਿੱਚ ਵੰਡਿਆ ਹੋਇਆ ਹੈ। ਅਗਿਆਨਤਾ ਦੀ ਹਨੇਰੀ ਆਉਣ ਕਰਕੇ ਚਾਰੇ ਪਾਸੇ ਚੁੱਪ ਹੈ। ਨਾ ਬੋਲਣ ਦਾ ਹੀ ਦੁੱਖ ਹੈ। 'ਜੋ ਬੋਲੇ ਉਹੀ ਗਦਾਰ" ਦੇਸ਼ ਧ੍ਰੋਹੀ ਹੈ । ਕਲਮਾਂ ਦੇ ਸਿਰ ਕਤਲ ਕੀਤੇ ਜਾ ਰਹੇ ਹਨ। ਮੀਡੀਆ ਨੂੰ ਰਖੇਲ ਬਣਾਇਆ ਹੈ ਜੋ ਉਹ ਹੀ ਦਿਖਾਉਣ ਲਈ ਪੱਬਾਂ ਭਾਰ ਹੈ ਜੋ ਸਰਕਾਰ ਚਾਹੁੰਦੀ ਹੈ। ਲੋਕਾਂ ਨੂੰ ਧਰਮ ਦੇ ਨਾਂ ਤੇ ਲੁੱਟਿਆ ਤੇ ਮਾਰਿਆ ਜਾ ਰਿਹਾ ਹੈ। ਲੋਕਾਂ ਨੂੰ ਵੱਖ ਵੱਖ ਖੇਮਿਆਂ ਵਿੱਚ ਵੰਡਿਆਂ ਹੋਇਆ ਹੈ...ਲੋਕਾਂ ਦੇ ਹੱਕਾਂ ਦੀ ਗੱਲ ਕਰਨ ਵਾਲਿਆਂ ਨੂੰ ਕਾਨੂੰਨ ਦੇ ਹਥਿਆਰਾਂ ਨਾਲ ਦਬਾਇਆ ਜਾ ਰਿਹਾ ਹੈ। ਲੋਕਾਂ ਨੂੰ ਆਪਣੇ ਹੱਕਾਂ ਲਈ ਇੱਕ ਦਿਨ ਤਾਂ ਇਕੱਠਾ ਹੋਣਾ ਪੈਣਾ ਹੈ। ਹੁਣ ਵੀ ਜੇ ਲੋਕ ਨਾ ਜਾਗੇ ਤੇ ਇਕੱਠੇ ਹੋਏ ਤਾਂ ਫੇਰ ਅਗਲੀਆਂ ਨਸਲਾਂ ਨੂੰ ਕੀ ਦੱਸੋਗੇ....? ਇਸ ਸਮੇਂ ਆਮ ਲੋਕਾਂ ਨੂੰ ਸਮਝ ਆਉਣੀ ਚਾਹੀਦੀ ਐ। ਆਪਣੇ ਤੇ ਪਰਾਏ ਦਾ ਫਰਕ ਪਤਾ ਲੱਗ ਗਿਆ ਹੈ। ਇਹ ਸੰਕਟ ਦੇਸ਼ ਨੂੰ ਬਦਲ ਵੀ ਸਕਦਾ ਤੇ ਤਬਾਹ ਵੀ ਕਰ ਸਕਦਾ। ਹੁਣ ਸੂਰਜ ਕਿਧਰ ਚੜ੍ਹਾਈ ਕਰਦਾ ? ਹੁਣ ਕੁੱਝ ਸਮੇਂ ਇਧਰੋ ਉਧਰ ਅਫਸਰਾਂ ਨੂੰ ਬਦਲਿਆ ਜਾਵੇਗਾ । ਲੁੱਟਮਾਰ ਦੇ ਤਰੀਕੇ ਬਦਲੇ ਜਾਣਗੇ। ਕੁੱਝ ਮੁਫਤ ਦੇ ਕੇ ਮੰਗਤਿਆਂ ਦੇ ਵਿੱਚ ਵਾਧਾ ਹੋਵੇਗਾ । ਪੁਰਾਣੀਆਂ ਦੀ ਨਵੀਂਆਂ ਜੋਕਾਂ ਹੋਣਗੀਆਂ । ਜਿਵੇਂ ਪਹਿਲਾਂ ਹੁੰਦਾ ਰਿਹਾ ਤੇ ਹੁੰਦਾ ਰਹੇਗਾ, ਜਦ ਤੱਕ ਸਿਸਟਮ ਨਹੀਂ ਬਦਲਦਾ । ਮਕਾਨ ਮੁਰੰਮਤ ਕਰਨ ਨਾਲ ਵਧੀਆ ਨਹੀਂ ਬਣਦਾ ਸਗੋਂ ਢਾਹ ਕਿ ਨਵੇਂ ਸਿਰੇ ਬਣਾਇਆ ਹੀ ਰਹਿਣ ਯੋਗ ਬਣਦਾ ਹੈ । ਲੋਕਾਂ ਦੀ ਜੋਕਾਂ ਤੋਂ ਕਦ ਮੁਕਤੀ ਹੋਵੇਗੀ ? ਜਦੋਂ






ਬੁੱਧ ਸਿੰਘ ਨੀਲੋਂ
94643 70823

# ਅਧਿਆਪਕ

ਅਧਿਆਪਕ ਇੱਕ ਘੁਮਿਆਰ ਹੈ, ਜੋ ਵਿਦਿਆਰਥੀ ਦਾ ਆਚਰਣ ਘਾੜਾ ਹੈ। ਮਨੁੱਖ ਜੋ ਵੀ ਸਿੱਖਦਾ ਹੈ ਅਧਿਆਪਕ ਉਸ ਨੂੰ ਵਧੀਆ ਇੱਕ ਰੂਪ ਦਿੰਦਾ ਹੈ। ਅਧਿਆਪਕ ਦਾ ਕੰਮ ਉਸ ਨੂੰ ਇੱਕ ਬੇਹਤਰ ਮਨੁੱਖ ਦੇ ਰੂਪ ਵਿੱਚ ਸੰਵਾਰਨਾ ਹੈ। ਤੁਸੀਂ ਕਿਸੇ ਵੀ ਮਹਾਨ ਵਿਅਕਤੀ ਤੋਂ ਜੇਕਰ ਉਸਦੇ ਜੀਵਨ ਬਾਰੇ ਪੁੱਛੋਗੇ ਤਾਂ ਉਸ ਵਿੱਚ ਉਹਦੇ ਅਧਿਆਪਕਾਂ ਦਾ ਜ਼ਿਕਰ ਜ਼ਰੂਰ ਹੋਵੇਗਾ।

ਵਿਦਿਆਰਥੀਆਂ ਦੇ ਮਨਾਂ ਅੰਦਰ ਉਤਸ਼ਾਹ, ਆਤਮ ਵਿਸ਼ਵਾਸ਼, ਦਿਲਚਸਪੀ ਪੈਦਾ ਕਰਨ ਦੀਆਂ ਅਹਿਮ ਜ਼ਿੰਮੇਵਾਰੀਆਂ ਨਿਭਾਉਣਾ ਅਧਿਆਪਕ ਦੇ ਹਿੱਸੇ ਵਿੱਚ ਆਉਂਦਾ ਹੈ ਅਤੇ ਇਹੀ ਕਾਰਣ ਹੈ ਕਿ ਅਧਿਆਪਕ ਨੂੰ ਸਮਾਜ ਸਿਰਜਕ ਕਿਹਾ ਜਾਂਦਾ ਹੈ।

ਅਧਿਆਪਕ ਅਤੇ ਵਿਦਿਆਰਥੀ ਦੀ ਸਾਂਝ ਸਿਰਫ਼ ਪੜ੍ਹਾਈ ਤਕ ਹੀ ਸੀਮਤ ਨਹੀਂ ਹੁੰਦੀ, ਸਗੋਂ ਅਧਿਆਪਕ ਵਿਦਿਆਰਥੀ ਨੂੰ ਜ਼ਿੰਦਗੀ ਦੀਆਂ ਪੌੜੀਆਂ ਚੜ੍ਹਨ ਦੇ ਕਾਬਲ ਬਣਾਉਣ ਵਿੱਚ ਵੀ ਅਹਿਮ ਰੋਲ ਅਦਾ ਕਰਦਾ ਹੈ। ਜਿੱਥੇ ਪੜ੍ਹਾਈ ਜ਼ਰੂਰੀ ਹੈ, ਉੱਥੇ ਨੈਤਿਕ ਤੇ ਹੋਰ ਅਨੇਕਾਂ ਸਿੱਖਿਆਵਾਂ ਲਈ ਵੀ ਅਧਿਆਪਕ ਵਿਦਿਆਰਥੀ ਲਈ ਰਾਹ ਦਸੇਰਾ ਹੁੰਦਾ ਹੈ। ਦੋਵਾਂ ਵਿਚਕਾਰ ਵਿਚਾਰ-ਵਟਾਂਦਰੇ ਲਈ ਪੜ੍ਹਾਈ ਤੋਂ ਇਲਾਵਾ ਵੀ ਕੁਝ ਸਮਾਂ ਕੱਢਣਾ ਜ਼ਰੂਰੀ ਹੈ। ਇਸ ਲਈ ਸਕੂਲਾਂ ਵਿੱਚ ਵੱਖ ਵੱਖ ਵਿਸ਼ਿਆਂ ਦੇ ਪੀਰੀਅਡਾਂ ਦੇ ਨਾਲ ਨਾਲ ਅਧਿਆਪਕ ਤੇ ਵਿਦਿਆਰਥੀ ਦੀ ਗੱਲਬਾਤ ਦਾ ਪੀਰੀਅਡ ਵੀ ਹੋਣਾ ਚਾਹੀਦਾ ਹੈ, ਭਾਵੇਂ ਇਸ ਪੀਰੀਅਡ ਦਾ ਸਮਾਂ ਹੋਰ ਪੀਰੀਅਡਾਂ ਨਾਲੋਂ ਘੱਟ ਹੀ ਹੋਵੇ। ਇਸ ਪੀਰੀਅਡ ਦਾ ਸਮਾਂ ਸਾਰੇ ਪੀਰੀਅਡਾਂ ਤੋਂ ਬਾਅਦ ਛੁੱਟੀ ਹੋਣ ਤੋਂ ਪਹਿਲਾਂ ਰੱਖਿਆ ਜਾਣਾ ਚਾਹੀਦਾ ਹੈ। ਇਸ ਪੀਰੀਅਡ ਵਿੱਚ ਵਿਦਿਆਰਥੀ ਤੇ ਅਧਿਆਪਕ ਪੜ੍ਹਾਈ ਤੋਂ ਹਟ ਕੇ ਹੋਰ ਗੱਲਾਂ 'ਤੇ ਜ਼ੋਰ ਦੇਣ ਕਿਉਂਕਿ ਕਈ ਵਿਦਿਆਰਥੀਆਂ ਨੂੰ ਕੁਝ ਸਮੱਸਿਆਵਾਂ ਪੇਸ਼ ਆ ਰਹੀਆਂ ਹੁੰਦੀਆਂ ਹਨ, ਜਿਨ੍ਹਾਂ ਕਰਕੇ ਉਨ੍ਹਾਂ ਨੂੰ ਪੜ੍ਹਾਈ ਅਤੇ ਜ਼ਿੰਦਗੀ ਵਿੱਚ ਅੱਗੇ ਵਧਣ ਲਈ ਵੀ ਮੁਸ਼ਕਿਲ ਆਉਂਦੀ ਹੈ। ਕਈ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਘਰ ਵਿੱਚ ਮੁਸ਼ਕਿਲਾਂ ਆ ਰਹੀਆਂ ਹੁੰਦੀਆਂ ਹਨ, ਜੋ ਉਹ ਕਿਸੇ ਨਾਲ ਸਾਂਝੀਆਂ ਨਹੀਂ ਕਰਨਾ ਚਾਹੁੰਦੇ ਅਤੇ ਇਸ ਦਾ ਉਨ੍ਹਾਂ ਦੀ ਮਾਨਸਿਕਤਾ 'ਤੇ ਬੁਰਾ ਅਸਰ ਪੈਣਾ ਸ਼ੁਰੂ ਹੋ ਜਾਂਦਾ ਹੈ। ਕਈ ਵਾਰ ਬੱਚਿਆਂ ਦੇ ਪੇਪਰਾਂ ਵਿੱਚੋਂ ਅੰਕ ਘੱਟ ਆਉਂਦੇ ਹਨ ਜਿਸ ਕਾਰਨ ਮਾਪੇ ਉਨ੍ਹਾਂ ਨੂੰ ਕੋਸਦੇ ਰਹਿੰਦੇ ਹਨ। ਇਸ ਸਥਿਤੀ ਵਿੱਚ ਬੱਚੇ ਦੇ ਦਿਮਾਗ ਉਤੇ ਬੋਝ ਪੈਣਾ ਸੁਭਾਵਿਕ ਹੈ। ਅਜਿਹੀਆਂ ਸਮੱਸਿਆਵਾਂ 'ਚੋਂ ਵਿਦਿਆਰਥੀਆਂ ਨੂੰ ਬਾਹਰ ਕਿਵੇਂ ਕੱਢਣਾ ਹੈ, ਇਸ ਬਾਰੇ ਅਧਿਆਪਕ ਗੱਲਬਾਤ ਦੇ ਪੀਰੀਅਡ ਰਾਹੀਂ ਦੱਸ ਸਕਦੇ ਹਨ। ਮਾਪਿਆਂ ਨੂੰ ਵੀ ਚਾਹੀਦਾ ਹੈ ਕਿ ਉਹ ਸਿਰਫ਼ ਅੰਕਾਂ ਨੂੰ ਹੀ ਤਰਜੀਹ ਨਾ ਦੇਣ, ਸਗੋਂ ਹੋਰ ਮੁਸ਼ਕਿਲਾਂ ਹੱਲ ਕਰਨ ਵਿੱਚ ਵੀ ਬੱਚੇ ਦਾ ਸਾਥ ਦੇਣ। ਗੱਲਬਾਤ ਪੀਰੀਅਡ ਰਾਹੀਂ ਬੱਚਿਆਂ ਨੂੰ ਨੈਤਿਕ ਸਿੱਖਿਆ ਬਾਰੇ ਸਮਝਾਇਆ ਜਾ ਸਕਦਾ ਹੈ। ਉਨ੍ਹਾਂ ਨੇ ਸਮਾਜ ਵਿੱਚ ਕਿਵੇਂ ਵਿਚਰਨਾ ਹੈ, ਘਰ ਆਏ ਮਹਿਮਾਨਾਂ ਨਾਲ ਕਿਹੋ ਜਿਹਾ ਵਰਤਾਓ ਕਰਨਾ ਹੈ, ਕਿਸੇ ਦੀ ਸਹਾਇਤਾ ਕਿਵੇਂ ਅਤੇ ਕਦੋਂ ਕਰਨੀ ਚਾਹੀਦੀ ਹੈ, ਆਦਿ ਵਿਸ਼ਿਆਂ ਬਾਰੇ ਇਸ ਪੀਰੀਅਡ ਰਾਹੀਂ ਉਨ੍ਹਾਂ ਨੂੰ ਦੱਸਿਆ ਜਾ ਸਕਦਾ ਹੈ। ਇਸ ਤੋਂ ਇਲਾਵਾ ਇਸ ਪੀਰੀਅਡ ਦੌਰਾਨ ਬੱਚਿਆਂ ਨੂੰ ਮਾਤਾ-ਪਿਤਾ ਨਾਲ ਸਬੰਧਾਂ ਬਾਰੇ ਵੀ ਦੱਸਿਆ ਜਾ ਸਕਦਾ ਹੈ। ਅੱਜਕਲ੍ਹ ਤਾਂ ਬੱਚੇ ਇਕੱਲੇ ਰਹਿਣਾ ਪਸੰਦ ਕਰਦੇ ਹਨ। ਉਹ ਮੋਬਾਈਲਾਂ, ਕੰਪਿਊਟਰ, ਗੇਮਜ਼ ਜਾਂ ਇੰਟਰਨੈੱਟ ਨਾਲ ਜ਼ਿਆਦਾ ਲਗਾਓ ਰੱਖਦੇ ਹਨ। ਘਰ ਵਿੱਚ ਕਿਸੇ ਨਾਲ ਪੜ੍ਹਨ, ਬੈਠਣ ਅਤੇ ਗੱਲ ਕਰਨ ਵਿੱਚ ਬਹੁਤ ਦਿਲਚਸਪੀ ਨਹੀਂ ਦਿਖਾਉਂਦੇ। ਇਸ ਪੀਰੀਅਡ ਵਿੱਚ ਬੱਚਿਆਂ ਨੂੰ ਇਸ ਬਾਰੇ ਸਮਝਾਇਆ ਜਾਂਦਾ ਹੈ ਕਿ ਉਹ ਆਪਣੇ ਵਡੇਰਿਆਂ ਨਾਲ ਸਮਾਂ ਗੁਜ਼ਾਰਨ, ਉਨ੍ਹਾਂ ਨਾਲ ਗੱਲਬਾਤ ਕਰਨ, ਬਜ਼ੁਰਗਾਂ ਦੀਆਂ ਕਹਾਣੀਆਂ ਸੁਣਨ ਜਿਸ ਨਾਲ ਬੱਚਿਆਂ ਦੀ ਨੈਤਿਕਤਾ ਵਿੱਚ ਵਾਧਾ ਹੋਵੇ। ਇਸ ਤੋਂ ਇਲਾਵਾ ਬੱਚਿਆਂ ਨੂੰ ਦੂਜਿਆਂ ਦੀ ਸਹਾਇਤਾ ਕਿਉਂ ਅਤੇ ਕਿਵੇਂ ਕਰਨੀ ਹੈ, ਬਾਰੇ ਵੀ ਦੱਸਿਆ ਜਾਂਦਾ ਹੈ। ਉਦਾਹਰਨ ਦੇ ਤੌਰ 'ਤੇ ਕਿਸੇ ਲੋੜਵੰਦ ਦੀ ਸਹਾਇਤਾ ਕਰਨੀ, ਕਿਸੇ ਹਾਦਸੇ ਦਾ ਸ਼ਿਕਾਰ ਹੋਏ ਵਿਅਕਤੀ ਦੀ ਮੁੱਢਲੀ ਸਹਾਇਤਾ ਕਰਨੀ, ਪੜ੍ਹਾਈ ਵਿੱਚ ਕਮਜ਼ੋਰ ਵਿਦਿਆਰਥੀ ਨੂੰ ਪੜ੍ਹਾ ਕੇ ਉਸ ਦੀ ਮਦਦ ਕਰਨਾ ਆਦਿ। ਇਸ ਪੀਰੀਅਡ ਨੂੰ ਸਾਰੇ ਸਕੂਲਾਂ ਵਿੱਚ ਅਹਿਮੀਅਤ ਦੇਣ ਦੀ ਲੋੜ ਹੈ ਤਾਂ ਕਿ ਵਿਦਿਆਰਥੀਆਂ ਦੀਆਂ ਮੁਸ਼ਕਿਲਾਂ ਉਨ੍ਹਾਂ ਦੇ ਦਿਮਾਗ ਤੇ ਬੋਝ ਨਾ ਬਣਨ ਅਤੇ ਉਹ ਹਰ ਪੱਖੋਂ ਸਿੱਖਿਅਤ ਹੋਣ।



ਅਧਿਆਪਕ ਅਤੇ ਵਿਦਿਆਰਥੀ ਦੇ ਰਿਸ਼ਤਾ ਮਨੁੱਖ ਜਿੰਦਗੀ ਵਿੱਚਲੇ ਅਹਿਮ ਰਿਸ਼ਤਿਆਂ ਵਿੱਚੋਂ ਹੁੰਦਾ ਹੈ। ਹਰ ਅਧਿਆਪਕ ਲਈ ਜ਼ਰੂਰੀ ਹੈ ਕਿ ਬੱਚਿਆਂ ਦੇ ਮਨਾਂ ਅੰਦਰ ਵਿੱਦਿਆ ਪ੍ਰਤੀ ਚਾਨਣ ਪੈਦਾ ਕਰਨ ਦੇ ਨਾਲ ਨਾਲ ਨੈਤਿਕ ਗੁਣ ਪੈਦਾ ਕੀਤੇ ਜਾਣ। ਕਮਜ਼ੋਰ ਵਿਦਿਆਰਥੀਆਂ ਦੀ ਮੱਦਦ ਲਈ ਹਮੇਸ਼ਾ ਤਿਆਰ ਰਿਹਾ ਜਾਵੇ। ਵਿਦਿਆਰਥੀਆਂ ਅੰਦਰ ਚੰਗੇ ਸਦਾਚਾਰਕ ਗੁਣ ਪੈਦਾ ਕਰਨ ਲਈ ਅਧਿਆਪਕ ਦਾ ਆਪਣਾ ਜੀਵਣ ਵਿਦਿਆਰਥੀ ਲਈ ਸੱਭ ਤੋਂ ਪਹਿਲਾ ਪ੍ਰੇਰਣਾ ਸਰੋਤ ਹੋਵੇ। ਅਧਿਆਪਕ ਬੱਚੇ ਅੰਦਰ ਲੁਕੀ ਪ੍ਰਤਿਭਾ ਨੂੰ ਪਹਿਚਾਣ ਕੇ ਉਸਦੇ ਅੰਦਰ ਉਸ ਅੰਦਰ ਉਤਸ਼ਾਹ ਪੈਦਾ ਕਰ ਸਕਦੇ ਹਾ ਜਿਸ ਪ੍ਰਤੀ ਸ਼ਾਇਦ ਵਿਦਿਆਰਥੀ ਸੰਵੇਦਨਸ਼ੀਲ ਨਹੀਂ ਹੁੰਦਾ। ਅਧਿਆਪਕ ਵੱਲੋਂ ਉਤਸ਼ਾਹਤ ਵਿਦਿਆਰਥੀ ਜਿੰਦਗੀ ਵਿੱਚ ਕਾਮਯਾਬ ਜ਼ਰੂਰ ਹੁੰਦਾ ਹੈ, ਬੇਸ਼ੱਕ ਉਹ ਆਪਣਾ ਕੰਮ ਮਿਹਨਤ ਅਤੇ ਲਗਨ ਨਾਲ ਕਰਦਾ ਰਹੇ।

ਮੌਜੂਦਾ ਸਮੇਂ ਵਿੱਚ ਸਾਡੇ ਵਿੱਚ ਬਦਲਾਅ ਆਏ ਹਨ। ਅਧਿਆਪਕ ਅਤੇ ਵਿਦਿਆਰਥੀ ਦਾ ਰਿਸ਼ਤਾ ਵੀ ਕਿਤੇ ਨਾ ਕਿਤੇ ਟੁੱਟਦਾ ਨਜ਼ਰ ਆ ਰਿਹਾ ਹੈ ਅਤੇ ਕਈ ਤਰ੍ਹਾਂ ਦੀਆਂ ਖਾਮੀਆਂ ਸਾਹਮਣੇ ਆ ਰਹੀਆਂ ਹਨ। ਇਹ ਸੱਭ ਕੁੱਝ ਉਦੋਂ ਵਾਪਰਿਆ ਜਦੋਂ ਅਧਿਆਪਕਾਂ ਨੇ ਇਸ ਨੂੰ ਕਾਰੋਬਾਰੀ ਰੂਪ ਦੇ ਦਿੱਤਾ ਅਤੇ ਉਹ ਆਪਣੇ ਵਿਦਿਆਰਥੀ ਨੂੰ ਆਪਣੇ ਗ੍ਰਾਹਕ ਵਜੋਂ ਦੇਖਣ ਲੱਗ ਪਏ। ਸ਼ਾਇਦ ਇਹ ਵੀ ਇੱਕ ਕਾਰਣ ਹੈ ਕਿ ਵਿਦਿਆਰਥੀ ਮਨਾਂ ਵਿੱਚ ਅਧਿਆਪਕ ਪ੍ਰਤੀ ਪਿਆਰ, ਸਤਿਕਾਰ ਖਤਮ ਹੋ ਚੁੱਕਿਆ ਹੈ। ਜਦਕਿ ਵਿਦਿਆਰਥੀ ਵੀ ਆਪਣੀ ਜ਼ਿੰਮੇਵਾਰੀ ਤੋਂ ਭੱਜਦੇ ਨਜ਼ਰ ਆ ਰਹੇ ਹਨ ਕਿਉਂ ਆਪਣੀ ਮਰਜ਼ੀ ਕਰਨਾ ਚਾਹੁੰਦੇ ਹਨ ਬਿਲਕੁਲ ਉਸੇ ਤਰ੍ਹਾਂ ਜਿਸ ਤਰ੍ਹਾਂ ਬੱਚੇ ਘਰ ਵਿੱਚ ਆਪਣੇ ਮਾਤਾ ਪਿਤਾ ਨਾਲ ਕਰਦੇ ਹਨ।

ਜੋ ਵੀ ਹੋਵੇ ਅੱਜ ਲੋੜ ਹੈ ਕਿ ਇਸ ਰਿਸ਼ਤੇ ਨੂੰ ਹੋਰ ਮਜ਼ਬੂਤ ਕੀਤਾ ਜਾਵੇ ਅਧਿਆਪਕ ਪ੍ਰਤੀ ਸਤਿਕਾਰ ਦੀ ਭਾਵਨਾ ਬਣੇ ਅਤੇ ਅਧਿਆਪਕ ਵੀ ਅਧਿਆਪਕ ਹੋਣ ਦਾ ਫਰਜ਼ ਨਿਭਾਉਣ ਨੂੰ ਤਰਜ਼ੀਹ ਦੇਣ ਤਾਂ ਕਿ ਅਧਿਆਪਕ ਅਤੇ ਵਿਦਿਆਰਥੀ ਵਿਚਕਾਰ ਮਜ਼ਬੂਤ ਰਿਸ਼ਤਾ ਬਣੇ ਅਤੇ ਵਿਦਿਆਰਥੀਆਂ ਦੀ ਜਿੰਦਗੀ ਵਿੱਚ ਕਾਮਯਾਬੀ ਹਾਸਲ ਕਰ ਸਕੇ।

ਆਉ! ਅੱਜ ਅਧਿਆਪਕ ਦਿਵਸ ਮਨਾਉਂਦੇ ਹੋਏ ਮੌਜੂਦਾ ਦੌਰ ਵਿੱਚ ਆ ਚੁੱਕੇ ਬਦਲਾਵਾਂ ਦੇ ਮੱਦੇਨਜ਼ਰ ਵਿਦਿਆਰਥੀਆਂ ਅਤੇ ਅਧਿਆਪਕਾਂ ਦੇ ਰਿਸ਼ਤੇ ਨੂੰ ਮਜ਼ਬੂਤ ਕਰਨ ਵੱਲ ਧਿਆਨ ਦੇਈਏ।

ਅਜਿਹੇ ਸਮੇਂ ਚ' ਕੇਵਲ ਅਧਿਆਪਕ ਹੀ ਇੱਕ ਅਜਿਹਾ ਵਿਅਕਤੀ ਹੈ ਜੋ ਕਿ ਦੂਸਰਿਆਂ ਨੂੰ ਪੜ੍ਹਾ ਲਿਖਾ ਕੇ ਇੱਕ ਚੰਗਾ ਇਨਸਾਨ ਬਣਾਉਣ ਦੇ ਨਾਲ-ਨਾਲ ਉੱਚ ਅਹੁਦਿਆਂ ਤੇ ਪਹੁੰਚਦਾ ਦੇਖ ਕੇ ਖੁਸ਼ੀ ਮਹਿਸੂਸ ਕਰਦਾ ਹੈ। ਅਧਿਆਪਕ ਦਾ ਕਿੱਤਾ ਦੁਨੀਆਂ ਦੇ ਸਭ ਕੰਮਾਂ ਦੇ ਨਾਲੋਂ ਚੰਗਾ, ਉੱਤਮ ਅਤੇ ਸਤਿਕਾਰ ਵਾਲਾ ਹੈ।

ਪੁਰਾਣੇ ਸਮੇਂ ਤੋਂ ਹੀ ਭਾਰਤ 'ਚ ਗੁਰੂ ਜਾਂ ਅਧਿਆਪਕ ਦਾ ਬਹੁਤ ਸਨਮਾਨ ਕੀਤਾ ਜਾਂਦਾ ਰਿਹਾ ਹੈ। ਇਸ ਕਾਰਨ ਹੀ ਕਿਹਾ ਜਾਂਦਾ ਸੀ ਕਿ ਅੱਜ ਦੇਸ਼ ਦੇ ਨਿਰਮਾਤਾ ਨੂੰ ਠੇਕੇ ਤੇ ਤਨਖਾਹਾਂ (ਮਜ਼ਦੂਰਾਂ ਨਾਲੋਂ ਵੀ ਘੱਟ) ਤੇ ਭਰਤੀ ਕਰਨ ਦੇ ਕਾਰਨ ਉਹ ਖੁਦ ਹੀ ਆਰਥਿਕ ਜਰੂਰਤਾਂ ਨੂੰ ਪੂਰਾ ਕਰਨ ਦੀ ਘੁੰਮਣ ਘੇਰੀ ਵਿੱਚ ਫਸਿਆ ਮਹਿਸੂਸ ਕਰ ਰਿਹਾ ਹੈ। ਜੇਕਰ ਅਸੀਂ ਅਧਿਆਪਕ ਨੂੰ ਦੇਸ਼ ਜਾਂ ਸਮਾਜ ਦਾ ਨਿਰਮਾਤਾ ਕਹਿ ਕੇ ਫੋਕਾ ਸਨਮਾਨ ਦੇਣ ਦੀ ਬਜਾਏ ਉਸ ਦੀਆਂ ਜਾਇਜ਼ ਸਮੱਸਿਆਵਾਂ ਨੂੰ ਹੱਲ ਕਰਕੇ ਉਸ ਨੂੰ ਆਰਥਿਕ ਅਤੇ ਮਾਨਸਿਕ ਤੌਰ ਤੇ ਸਤੁੰਸ਼ਟ ਕਰਨ ਦੀ ਕੋਸ਼ਿਸ ਕਰੀਏ ਤਾਂ ਦੇਸ਼ ਦੀਆਂ ਕਈ ਸਮੱਸਿਆਵਾਂ ਹੱਲ ਹੋ ਸਕਦੀਆਂ ਹਨ ਕਿਉਂਕਿ ਇੱਕ ਸਤੁੰਸ਼ਟ ਵਿਅਕਤੀ ਆਪਣੇ ਕਿੱਤੇ ਦੇ ਪ੍ਰਤੀ ਸਮਰਪਿੱਤ ਹੋ ਸਕਦਾ ਹੈ ਅਤੇ ਸਤੁੰਸ਼ਟ ਨਾਗਰਿਕ ਪੈਦਾ ਕਰਕੇ, ਦੇਸ਼ ਦੇ ਵਿਕਾਸ ਵਿੱਚ ਯੋਗਦਾਨ ਪਾ ਸਕਦਾ ਹੈ। ਇਸ ਲਈ ਸਕੂਲਾਂ ਵਿੱਚ ਭਰਤੀ ਦੀ ਠੇਕਾ ਪ੍ਰਣਾਲੀ ਨੂੰ ਖਤਮ ਕਰਕੇ ਰੈਗੂਲਰ ਭਰਤੀ ਕੀਤੀ ਜਾਵੇ, ਅਧਿਆਪਕ-ਵਿਦਿਆਰਥੀ ਅਨੁਪਾਤ ਨੂੰ ਠੀਕ ਕੀਤਾ ਜਾਵੇ ਤਾਂ ਜੋ ਅਧਿਆਪਕ ਆਪਣੇ ਵਿਦਿਆਰਥੀਆਂ ਦੀ ਮਾਨਸਿਕਤਾ ਨੂੰ ਸਮਝ ਸਕੇ ਅਤੇ ਉਹਨਾਂ ਨਾਲ ਭਾਵਨਾਤਮਕ ਲਗਾਓ ਬਣਾ ਸਕੇ। ਜਿਸ ਤਰ੍ਹਾਂ ਮੋਮਬੱਤੀ ਖੁਦ ਜਲ ਕਿ ਦੂਜਿਆਂ ਨੂੰ ਰੌਸ਼ਨੀ ਦੇ ਕੇ ਹੋਰਨਾਂ ਲਈ ਪ੍ਰੇਰਣਾ ਸਰੋਤ ਬਣਦੀ ਆ ਰਹੀ ਹੈ ਉਸੇ ਤਰ੍ਹਾਂ ਅਧਿਆਪਕ ਵਰਗ ਨੂੰ ਵੀ ਆਪਣੀਆਂ ਸੁੱਖ ਸੁਵਿਧਾਵਾਂ, ਆਪਣੀਆਂ ਇੱਛਾਵਾਂ, ਆਪਣੇ ਨਿੱਜੀ ਹਿੱਤਾਂ ਆਦਿ ਨੂੰ ਦੇਸ਼ ਅਤੇ ਸਮਾਜ ਦੇ ਵਡੇਰੇ ਹਿੱਤਾਂ ਲਈ ਕੁਰਬਾਨ ਕਰਨ ਲਈ ਹਮੇਸ਼ਾਂ ਤਿਆਰ ਰਹਿਣਾ ਚਾਹੀਦਾ ਹੈ। ਅੰਤ ਵਿੱਚ ਇਹੀ ਕਿਹਾ ਜਾ ਸਕਦਾ ਹੈ ਕਿ ਭਾਰਤੀ ਅਮੀਰ ਸੱਭਿਆਚਾਰ ਅਤੇ ਕਦਰਾਂ-ਕੀਮਤਾਂ ਤੋਂ ਲੋਕਾਂ ਨੂੰ ਜਾਣੂ ਕਰਵਾਉਣ ਆਦਿ ਲਈ ਜਰੂਰੀ ਹੈ ਕਿ ਅਧਿਆਪਕ ਦੇ ਮਾਣ-ਸਨਮਾਨ ਨੂੰ ਬਹਾਲ ਕੀਤਾ ਜਾਵੇ।

ਸੱਭਿਅਕ ਸਮਾਜ ਵਿਚ ਅਧਿਆਪਕ ਚਮਕਦੇ ਸੂਰਜ ਦੀ ਤਰ੍ਹਾਂ ਹੁੰਦਾ ਹੈ। ਸਾਡੀ ਸੱਭਿਅਤਾ ਅਨੁਸਾਰ ਅਧਿਆਪਕ ਨੂੰ ਗੁਰੂ ਦਾ ਰੁਤਬਾ ਹਾਸਲ ਹੈ ਕਿਉਂਕਿ ਅਧਿਅਪਾਕ ਨੇ ਵਿਦਿਅਕ ਰੂਪੀ ਚਾਨਣ ਵੰਡ ਕੇ ਵਿਦਿਆਰਥੀ ਨੂੰ ਹਰ ਤਰ੍ਹਾਂ ਨਾਲ ਸੁਚੇਤ ਕਰਨਾ ਹੁੰਦਾ ਹੈ। ਅਧਿਆਪਕ ਅਨੇਕਾਂ ਮੁਸ਼ਕਲਾਂ ਝੱਲ ਕੇ ਆਪਣਾ ਫਰਜ਼ ਨਿਭਾਅ ਰਹੇ ਹਨ। ਭਾਵੇਂ ਸਮੇਂ ਦੀਆਂ ਸਰਕਾਰਾਂ ਵਲੋਂ ਅਧਿਆਪਕਾਂ ਨੂੰ ਵਿਸ਼ੇਸ਼ ਅਧਿਕਾਰ ਦੇਣ ਦੇ ਨਾਲ-ਨਾਲ ਅਧਿਆਪਕ ਦਿਵਸ ਤੇ ਸਨਮਾਨ ਵੀ ਕੀਤਾ ਜਾਂਦਾ ਹੈ ਪਰ ਕੌੜੀ ਹਕੀਕਤ ਇਹ ਹੈ ਕਿ ਠੇਕੇਦਾਰੀ ਸਿਸਟਮ ਵਿਚ ਬਹੁਤ ਘੱਟ ਤਨਖਾਹ ਤੇ ਕਾਬਲ ਅਧਿਆਪਕਾਂ ਨੂੰ ਭਰਤੀ ਕਰਕੇ ਉਨ੍ਹਾਂ ਦੀ ਕਾਬਲੀਅਤ ਦਾ ਮਜ਼ਾਕ ਉਡਾਇਆ ਜਾਂਦਾ ਹੈ। ਅਧਿਆਪਕ ਦਿਵਸ ਤੇ ਜੇਕਰ ਸਾਡੀਆਂ ਸਰਕਾਰਾਂ ਸੱਚ ਮੁੱਚ ਅਧਿਆਪਕਾਂ ਦਾ ਸਤਿਕਾਰ ਚਾਹੁੰਦੀਆਂ ਹਨ ਤਾਂ ਉਨਾਂ ਨੂੰ ਅਧਿਆਪਕਾਂ ਦੀਆਂ ਸਮੱਸਿਆਵਾਂ ਦਾ ਹੱਲ ਪਹਿਲ ਦੇ ਆਧਾਰ ਤੇ ਕਰਨਾ ਚਾਹੀਦਾ ਹੈ।

ਰਾਜਿੰਦਰ ਰਾਣੀ ਪਿੰਡ ਗੰਢੂਆਂ ਜ਼ਿਲ੍ਹਾ ਸੰਗਰੂਰ

# ਵੈਨਿਸ (ਇਟਲੀ) ਦਾ ਪੁਰਾਤਨ ਅਤੇ ਇਤਿਹਾਸਕ ਵੇਸਵਾਗਮਨੀ ਖੇਤਰ

-ਬਲਰਾਜ ਸਿੰਘ ਸਿੱਧੂ, ਯੂ ਕੇ.



ਪੌਂਟੇ ਡੇਲੇ ਟੈਟ (Bridge of the Tits ਅਰਥਾਤ ਥਣਾਂ ਵਾਲਾ ਪੁਲ) ਸੈਂਕੜੇ ਛੋਟੇ ਪੁਲਾਂ ਵਿੱਚੋਂ ਇੱਕ ਹੈ, ਜੋ ਵੈਨਿਸ ਦੇ ਜਲ ਮਾਰਗਾਂ ਨੂੰ ਪਾਰ ਕਰਦੇ ਹਨ। ਇਹ ਸੈਨ ਪੋਲੋ ਦੇ ਸੇਸਟੀਅਰਸ (ਜ਼ਿਲ੍ਹੇ) ਵਿੱਚ ਸੈਨ ਕੈਸੀਆਨੋ ਇਲਾਕੇ (ਟਾਪੂ) ਵਿਖੇ ਰੀਓ ਡੀ ਸੈਨ ਕੈਨਸੀਨੋ (@ Rio di San Canciano) ਨਾਮੀ ਇੱਕ ਛੋਟੀ ਨਹਿਰ ਉੱਪਰ ਬਣਿਆ ਹੋਇਆ ਹੈ। ਪੁਲ ਦਾ ਨਾਮ ਇੱਥੇ ਵਸਦੀਆਂ ਵੇਸਵਾਵਾਂ ਵੱਲੋਂ ਪੁਲ ਦੇ ਆਲੇ ਦੁਆਲੇ ਦੀਆਂ ਇਮਾਰਤਾਂ ਵਿਚਲੀਆਂ ਖਿੜਕੀਆਂ ਤੋਂ ਆਪਣੀਆਂ ਨੰਗੀਆਂ ਛਾਤੀਆਂ ਪ੍ਰਦਰਸ਼ਿਤ ਕਰਨ ਦੇ ਪ੍ਰਚਲਨ ਨਾਲ ਜੋੜਿਆ ਹੋਇਆ ਹੈ। ਪਰ ਇਹ ਖਾਸ ਇਲਾਕਾ ਬੀਤੀਆਂ ਸਦੀਆਂ ਦੌਰਾਨ ਵੇਸਵਾਗਨੀ ਦਾ ਬਹੁਤ ਵੱਡਾ ਅੱਡਾ ਹੁੰਦਾ ਸੀ। ਜਿਵੇਂ ਕਦੇ ਭਾਰਤ ਦੀ ਹਰ ਤਵਾਇਫ ਦਾ ਲਖਨਊ ਦੇ ਕੋਠਿਆਂ ਦੀ ਸ਼ਾਨ ਬਣਨਾ ਸੁਪਨਾ ਹੁੰਦਾ ਸੀ, ਇਸੇ ਪ੍ਰਕਾਰ ਕਦੇ ਯੂਰਪ ਦੀ ਹਰ ਵੇਸਵਾ ਵੈਨਿਸ ਆ ਕੇ ਧੰਦਾ ਕਰਨ ਦਾ ਖੁਆਬ ਪਾਲਿਆ ਕਰਦੀ ਸੀ। ਇਸ ਕਰਕੇ ਸਤਾਰਵੀਂ ਸਦੀ ਵਿੱਚ 11,654 ਤੋਂ ਵੱਧ ਔਰਤਾਂ ਕੇਵਲ ਵੈਨਿਸ ਸ਼ਹਿਰ ਵਿੱਚ ਦੇਹ ਵਪਾਰ ਦਾ ਧੰਦਾ ਕਰਦੀਆਂ ਸਨ। ਵੈਨਿਸ ਗਣਰਾਜ ਦੇ ਸਮੇਂ ਬਹੁਤ ਕਾਮ ਖੁੱਲ੍ਹ ਸੀ ਅਤੇ ਵੇਸਵਾਗਮਨੀ ਦੇ ਧੰਦੇ ਨੂੰ ਕਾਨੂੰਨੀ ਮਾਣਤਾ ਪ੍ਰਾਪਤ ਸੀ। ਦਿਲਚਸਪ ਗੱਲ ਇਹ ਹੈ ਕਿ ਬਾਰਵੀਂ ਸਦੀ ਤੋਂ ਅਠਾਰਵੀਂ ਸਦੀ ਤੱਕ ਵੈਨਿਸ ਗਣਰਾਜ ਵਿੱਚ ਵੇਸਵਾਵਾਂ ਸਭ ਤੋਂ ਵੱਧ ਆਮਦਨੀ ਕਰ ਅਦਾ ਕਰਿਆ ਕਰਦੀਆਂ ਸਨ। ਇੱਥੋਂ ਤੁਸੀਂ ਸਹਿਜੇ ਹੀ ਅੰਦਾਜ਼ਾ ਲਗਾ ਸਕਦੇ ਹੋ ਕਿ ਉਹ ਕਮਾਈ ਕਿੰਨੀ ਕਰਦੀਆਂ ਹੋਣਗੀਆਂ। ਵੇਸਵਾਗਮਨੀ ਦੀ ਪ੍ਰਬ੍ਰਿਤੀ ਨੂੰ ਨਿਯੰਤਰ ਹੇਠ ਰੱਖਣ ਲਈ ਲਾ ਸੇਰੇਨਿਸਮਾ (@ Republic of Venice) ਦੇ ਅਧਿਕਾਰੀਆਂ ਨੇ 1412 ਵਿੱਚ ਸ਼ਾਹੀ ਫ਼ਰਮਾਨ ਦੁਆਰਾ ਵੈਨਿਸ ਵਿੱਚ ਵੇਸਵਾਗਮਨੀ ਨੂੰ ਕੈਰਾਮਪੇਨ ਡੀ ਰਿਆਲਟੋ ਖੇਤਰ ਤੱਕ ਸੀਮਤ ਕਰ ਦਿੱਤਾ ਗਿਆ ਸੀ। ਇੰਝ ਇਹ ਖੇਤਰ ਇੱਕ ਰੈੱਡ-ਲਾਈਟ ਡਿਸਟ੍ਰਿਕਟ ਵਿੱਚ ਬਦਲ ਗਿਆ ਸੀ। ਨੇੜੇ ਹੀ ਟ੍ਰੈਗੇਟੋ ਡੇਲ ਬੁਸੋ ( Traghetto Del Buso -Crossing Of The Hole) ਸੀ, ਜਿੱਥੇ ਵੇਸਵਾਵਾਂ ਦੇ ਗਾਹਕ ਲਾਲੀ ਭਾਵ ਮਾਰਦੀਆਂ ਮਿਸ਼ਾਲਾਂ ਦੀ ਰੋਸ਼ਨੀ ਵਿੱਚ ਜ਼ਿਲ੍ਹੇ ਵਿੱਚ ਦਾਖਲ ਹੋਣ ਲਈ ਗ੍ਰੇਂਡ ਕੈਨਾਲ ਨੂੰ ਪਾਰ ਕਰਦੇ ਸਨ।

ਇਸ ਇਲਾਕੇ ਦੀਆਂ ਬਹੁਤੀਆਂ ਇਮਾਰਤਾਂ ਅਮੀਰ ਰਾਮਪਾਨੀ ਪਰਿਵਾਰ ਦੀ ਮਲਕੀਅਤ ਸਨ ਅਤੇ ਉਨ੍ਹਾਂ ਦੇ ਆਖ਼ਰੀ ਵਾਰਸ ਦੀ ਬੇਔਲਾਦ ਮੌਤ ਹੋ ਗਈ ਸੀ। ਇੰਝ ਇਲਾਕੇ ਦੀਆਂ ਇਮਾਰਤਾਂ ਲਾ ਸੇਰੇਨਿਸਮਾ ਦੀ ਜਾਇਦਾਦ ਬਣ ਗਈਆਂ ਸਨ, ਅਰਥਾਤ ਸਰਕਾਰੀ ਸੰਪਤੀ ਬਣ ਗਈਆਂ ਸਨ। ਰਈਸਾ ਅਤੇ ਉੱਚ-ਅਦਿੱਕਾਰੀਆਂ ਨੂੰ ਵੇਸਵਾਵਾਂ ਦਿਆਂ ਹੱਥਾਂ ਦੀ ਕਠਪੁੱਤਲੀ ਬਣਨ ਤੋਂ ਬਚਾਉਣ ਲਈ ਸ਼ਾਸਕਾ ਨੇ ਵੇਸਵਾਵਾਂ ਨੂੰ ਉਹਨਾਂ ਦੀ ਹਰਕਤ ਅਤੇ ਵਿਵਹਾਰ ਵਿੱਚ ਬੁਰੀ ਤਰ੍ਹਾਂ ਪ੍ਰਤਿਬੰਧਿਤ ਕਰ ਦਿੱਤਾ ਸੀ। ਵੇਸਵਾਵਾਂ 'ਤੇ ਕਰਫਿਊ ਲਗਾ ਦਿੱਤਾ ਗਿਆ ਸੀ ਅਤੇ ਉਹ ਸ਼ਨੀਵਾਰ ਤੋਂ ਬਿਨਾਂ ਉਹ ਹੋਰ ਕਿਸੇ ਦਿਨ ਆਪਣਾ ਇਲਾਕਾ ਛੱਡ ਕੇ ਹੋਰ ਕਿੱਤੇ ਨਹੀਂ ਜਾ ਸਕਦੀਆ ਸਨ ਅਤੇ ਪਹਿਚਾਣ ਲਈ ਉਨ੍ਹਾਂ ਨੂੰ ਪੀਲੇ ਰੰਗ ਦਾ ਸਕਾਰਫ਼ ਪਹਿਨਣਾ ਪੈਂਦਾ ਸੀ, ਜਦੋਂ ਕਿ ਇੱਟਲੀ ਦੀ ਇੱਕ ਪਰਿਵਾਰਿਕ ਵਿਆਹੁਤਾ ਔਰਤ ਚਿੱਟੇ ਰੰਗ ਸਕਾਰਫ਼ ਪਹਿਨਦੀ ਸੀ। ਵੇਸਵਾਵਾਂ ਖਾਸ ਪਵਿੱਤਰ ਦਿਨਾਂ 'ਤੇ ਕੰਮ ਨਹੀਂ ਕਰ ਸਕਦੀਆਂ ਸਨ, ਨਿਯਮਾਂ ਦੀ ਉਲੰਘਣਾ ਦੇ ਨਾਲ ਕਈ ਸਖਤ ਸਜ਼ਾਵਾਂ ਵੀ ਸਨ ਤੇ ਕਈ ਵਾਰ ਤਾਂ ਚੌਰਸਤੇ ਵਿੱਚ ਥਮਲੇ ਨਾਲ ਬੰਨ੍ਹ ਕੇ ਕੋਰੜੇ ਵੀ ਮਾਰੇ ਜਾਂਦੇ ਸਨ। ਇਸ ਤੋਂ ਇਲਾਵਾ 1514 ਵਿੱਚ ਇਸ ਪੇਸ਼ੇ 'ਤੇ ਆਮਦਨੀ ਕਰ ਲਾਜ਼ਮੀ ਕਰ ਦਿੱਤਾ ਗਿਆ ਸੀ। ਸੇਰੇਨਿਸਮਾ ਦੁਆਰਾ ਲਗਾਏ ਗਏ ਵੇਸਵਾਗਮਨੀ ਉੱਤੇ ਟੈਕਸਾਂ ਨੇ 1514 ਵਿੱਚ ਆਰਸੇਨੇਲ ਵਿੱਚ ਖੁਦਾਈ ਲਈ ਵਿੱਤ ਵਿੱਚ ਮਦਦ ਕੀਤੀ ਸੀ। ਸੋਲਵੀਂ ਸਦੀ ਦੇ ਦੌਰਾਨ ਕਾਮ ਦੀ ਖੁੱਲ੍ਹ ਅਤੇ ਵੇਸਵਾਵਾਂ ਦੇ ਭਾਅ ਜ਼ਿਆਦਾ ਹੋਣ ਕਾਰਨ ਵੈਨਿਸ ਵਿੱਚ ਸਮਲਿੰਗੀ ਸੰਬੰਧ ਬਹੁਤ ਵੱਧ ਗਏ ਸਨ ਅਤੇ ਇੱਕ ਗੰਭੀਰ ਸਮਾਜਿਕ ਸਮੱਸਿਆ ਬਣ ਗਏ ਸਨ। ਵਿਆਹੁਤਾ ਜੋੜਿਆਂ ਦੇ ਤਲਾਕ ਦੀ ਦਰ ਵਿੱਚ ਤੇਜ਼ੀ ਨਾਲ ਵਾਧਾ ਹੋਣ ਲੱਗ ਪਿਆ ਸੀ। ਰਸਮੀ ਤੌਰ 'ਤੇ ਵੈਨਿਸ ਦੇ ਡੋਜ਼ੇ (ਸ਼ਾਸਕ) ਨੇ ਸਮਲਿੰਗੀ ਸੰਬੰਧਾਂ ਦੀ ਸਮੱਸਿਆ ਨਾਲ ਨਜਿੱਠਣ ਲਈ ਵੇਸਵਾਵਾਂ ਤੋਂ ਮਦਦ ਮੰਗੀ ਗਈ ਸੀ। ਸਰਕਾਰੀ ਅਧਿਕਾਰੀਆਂ ਦੁਆਰਾ ਵੇਸਵਾਵਾਂ ਨੂੰ ਖੁੱਲ੍ਹ ਦਿੱਤੀ ਗਈ ਸੀ ਕਿ ਉਹ ਆਪਣੀਆਂ ਛਾਤੀਆਂ ਨੰਗੀਆਂ ਕਰਕੇ ਚੁਬਾਰਿਆਂ ਦੀਆਂ ਬਾਰੀਆਂ ਵਿੱਚ ਖੜ੍ਹੀਆਂ ਹੋ ਕੇ ਗਾਹਕਾਂ ਨੂੰ ਭਰਮਾਇਆ ਕਰਨ ਤਾਂ ਜੋ ਸਮਲਿੰਗੀ ਮਰਦ ਉਨ੍ਹਾਂ ਵੱਲ ਆਕਰਸ਼ਿਤ ਹੋ ਸਕਣ। ਇਹ ਹੀ ਨਹੀਂ ਵੇਸਵਾਵਾਂ ਨੂੰ ਨਗਨ ਅਵਸਥਾ ਵਿੱਚ ਰਾਤ ਨੂੰ ਹੱਥ ਵਿੱਚ ਲਾਲਟੈਣ ਫੜਕੇ ਪੁਲ 'ਤੇ ਬੇਪਰਵਾਹ ਤੁਰਨ-ਫਿਰਨ ਅਤੇ ਖੜ੍ਹੇ ਹੋਣ ਦੀ ਇਜਾਜ਼ਤ ਵੀ ਦਿੱਤੀ ਗਈ ਸੀ। ਅਜਿਹੀ ਪ੍ਰੇਰਨਾ ਦੇ ਨਾਲ ਸਮਲਿੰਗੀ ਮਰਦਾਂ ਨੂੰ ਕੁਦਰਤ ਦੇ ਵਿਰੁੱਧ ਪਾਪ ਕਰਨ ਤੋਂ ਮੋੜਨ ਲਈ ਸੇਰੇਨਿਸਮਾ ਦੇ ਸ਼ਾਸਕ ਵੱਲੋਂ ਵੇਸ਼ਵਾਵਾਂ ਨੂੰ ਧਨਰਾਸ਼ੀ, ਸਨਮਾਨ ਅਤੇ ਇਨਾਮ ਵੀ ਦਿੱਤੇ ਜਾਣ ਦੀ ਗਵਾਹੀ ਵੀ ਤਵਾਰੀਖ ਭਰਦੀ ਹੈ। ਦੁਨੀਆਂ ਦਾ ਸਭ ਤੋਂ ਪ੍ਰਸਿੱਧ ਜਨਾਨੀਬਾਜ਼ ਜ਼ਿਆਕਮੋ ਕੈਸਾਨੋਵਾ ਆਪਣੀ ਜੀਵਨੀ ਵਿੱਚ ਜ਼ਿਕਰ ਕਰਦਾ ਹੈ ਕਿ ਉਹ ਇਰਸ ਖੇਤਰ ਵਿੱਚ ਅਕਸਰ ਜਾਇਆ ਕਰਦਾ ਸੀ।

ਇਹ ਸਥਿਤੀ ਅਠਾਰਵੀਂ ਸਦੀ ਤੱਕ ਜਾਰੀ ਰਹੀ ਸੀ, ਫਿਰ ਸੈਰ-ਸਪਾਟੇ ਨੂੰ ਉਤਸ਼ਾਹਿਤ ਕਰਨ ਲਈ ਛੋਟੀ ਉਮਰ ਦੀਆਂ ਵੇਸਵਾਵਾਂ ਨੂੰ ਪੂਰੇ ਵੈਨਿਸ ਸ਼ਹਿਰ ਵਿੱਚ ਕੰਮ ਕਰਨ ਦੀ ਇਜਾਜ਼ਤ ਦਿੱਤੀ ਗਈ ਸੀ ਅਤੇ ਵੱਡੀ ਉਮਰ ਦੀਆਂ ਅਤੇ ਘੱਟ ਆਕਰਸ਼ਕ ਵੇਸਵਾਵਾਂ ਨੂੰ ਨੇੜਲੇ ਰਿਓ ਟੇਰੇ ਡੇਲੇ ਕਾਰਾਮਪੇਨ (@ Rio terà delle Carampane) ਤੱਕ ਸੀਮਤ ਕਰ ਦਿੱਤਾ ਗਿਆ ਸੀ। ਕਿਸੇ ਵੇਲੇ ਦਿਨ-ਰਾਤ ਚਮਕ-ਦਮਕ ਅਤੇ ਧੜਕਦੇ ਦਿਲ ਵਰਗਾ ਇਹ ਇਲਾਕਾ ਅੱਜਕੱਲ੍ਹ ਵਿਰਾਨ ਅਤੇ ਕਾਫੀ ਖਸਤਾ ਹਾਲਤ ਵਿੱਚ ਆਪਣੇ ਆਪ ਨੂੰ ਅਣਗੌਲਿਆ ਜਿਹਾ ਮਹਿਸੂਸ ਕਰ ਰਿਹਾ ਹੈ।

# ਜ਼ਿੰਦਗੀ...

ਦੋਸਤੋ ਇਹ ਪਲ ਜਿਸ ਵਿੱਚ ਅਸੀਂ ਜੀਅ ਰਹੇ ਹਾਂ ਇਹ ਹੀ ਜ਼ਿੰਦਗੀ ਹੈ। ਬੀਤ ਚੁੱਕੇ ਤੇ ਆਉਣ ਵਾਲੇ ਦੇ ਦਰਮਿਆਨ ਜੋ ਪਲ ਹੈ ਉਸ ਨੂੰ ਰੱਜ ਕੇ ਜੀਓ। ਬੀਤ ਗਏ ਨੂੰ ਰੋਈ ਜਾਣ ਦਾ ਕੋਈ ਫ਼ਾਇਦਾ ਨਹੀਂ ਅਤੇ ਆਉਣ ਵਾਲੇ ਦਾ ਕੋਈ ਪਤਾ ਹੀ ਨਹੀਂ। ਇਨ੍ਹਾਂ ਦੋਵਾਂ ਦੀ ਫ਼ਿਕਰ ਵਿਚ ਜੋ ਹੱਥ ਵਿੱਚ ਹੈ ਉਹ ਨਾ ਗੁਆਓ। ਜੋ ਮਨ ਵਿੱਚ ਹੈ ਉਹ ਇਸੇ ਪਲ ਵਿੱਚ ਕਰੋ। ਇਸ ਪਲ ਵਿਚ ਹਰ ਹਸਰਤ ਪੂਰੀ ਕਰੋ ਜੋ ਤੁਹਾਡੇ ਮਨ ਵਿੱਚ ਹੈ। ਪਤਾ ਨਹੀਂ ਕਿਉਂ ਅਸੀਂ ਪਿਛਾਂਹ ਜਾਂ ਅਗਾਂਹ ਹੀ ਸੋਚਦੇ ਰਹਿੰਦੇ ਹਾਂ। ਇਥੋਂ ਤਕ ਕਿ ਜੇ ਸੋਹਣੇ ਕੱਪੜੇ ਖ਼ਰੀਦ ਲਈਏ ਉਹ ਵੀ ਰੱਖ ਲੈਂਦੇ ਹਾਂ ਕਿ ਕਿਸੇ ਵੇਲੇ ਮੌਕੇ ਪਾਵਾਂਗੇ। ਇਸ ਮੌਕੇ ਤੋਂ ਵਧੀਆ ਕਿਹੜਾ ਮੌਕਾ ਹੋ ਸਕਦਾ ਹੈ। ਆਉਣ ਵਾਲੇ ਪਲਾਂ ਦਾ ਕੀ ਪਤਾ ਹੋਣ ਜਾਂ ਨਾ ਹੋਣ। ਬੀਤੇ ਨੂੰ ਵੀ ਬਦਲਿਆ ਤਾਂ ਨਹੀਂ ਜਾ ਸਕਦਾ ਫਿਰ ਉਸ ਤੇ ਝੂਰਨ ਦਾ ਕੀ ਫ਼ਾਇਦਾ। ਕਹਿੰਦੇ ਨੇ ਨਾ

ਬੀਤੀ ਤਾਹਿ ਬਿਸਾਰ ਦੇ ਆਗੇ ਕੀ ਸੁਧ ਲੇ

ਆਪਣੀ ਕੋਈ ਵੀ ਆਦਤ ਬਦਲਣਾ ਚਾਹੁੰਦੇ ਹੋ ਤਾਂ ਕਦੀ ਇਹ ਨਾ ਉਹ ਮੈਂ ਕੱਲ੍ਹ ਤੋਂ ਇਹ ਕਰਾਂਗਾ। ਕੱਲ੍ਹ ਕਦੀ ਨਹੀਂ ਆਉਂਦਾ। ਇਸੇ ਲਈ ਕਹਿੰਦੇ ਹਨ। ਕੱਲ੍ਹ ਨਾਮ ਕਾਲ ਕਾ ਅਸੀਂ ਅਕਸਰ ਸੁਣਦੇ ਹਾਂ ਮੈਂ ਕੱਲ੍ਹ ਤੋਂ ਕਸਰਤ ਕਰਾਂਗਾ। ਮੈਂ ਕੱਲ੍ਹ ਤੋਂ ਯੋਜਨਾਬੱਧ ਤਰੀਕੇ ਨਾਲ ਪੜ੍ਹਾਂਗਾ। ਮੈਂ ਕੱਲ੍ਹ ਤੋਂ ਖਾਣ ਪੀਣ ਵਿਚ ਪਰਹੇਜ਼ ਰੱਖਾਗਾ ਅਤੇ ਹੋਰ ਬਹੁਤ ਕੁਝ।

ਕੱਲ੍ਹ ਤੋਂ ਹੀ ਕਿਉਂ। ਹੁਣ ਤੋਂ ਕਿਉਂ ਨਹੀਂ ? ਬਸ ਇਹੀ ਇੱਕ ਆਦਤ ਬਦਲਣ ਦੀ ਲੋੜ ਹੈ। ਤੇ ਇਸੇ ਪਲ ਤੋਂ ਜੋ ਕਰਨਾ ਹੈ ਕਰੋ।

ਕਬੀਰ ਜੀ ਕਹਿੰਦੇ ਹਨ
ਕਾਲ ਕੀਏ ਸੋ ਆਜ ਕਰ
ਆਜ ਕਰੇ ਸੋ ਅਬ
ਪਲ ਮੇ ਪਰਲੈ ਹੋਏਗੀ
ਬਹੁਰੋ ਕਰੇਗਾ ਕਬ

ਚਲੋ ਫਿਰ। ਅੱਜ, ਹੁਣ, ਇਸ ਪਲ ਤੋਂ ਸ਼ੁਰੂ ਹੋ ਜਾਉ

ਰੱਬ ਰਾਖਾ

#harpreetkaursandhu

GTA Plumbling & Electrical Supplies
GTA Plumbing & Electrical Supplies
ONE STOP SHOP FOR ALL PLUMBING & ELECTRICAL SUPPLIES
* Potlight for sale $8 (min. order 60 pcs.)
* Shower door $285, * Shower base $180
* 14/2 wire on sale $110, * Toilets on sale $100
* Faucets on sale starting from $30
* 24" Vanity with Quartz Top $200
* 30" Vanity with Quartz Top $220
* 36" Vanity with Quartz Top $250
* Range Hud for Sale $250
* Electrical wire, plugs, switches * Pot lights, LED bulbs
* Toilet Sets, Washroom Vanities * Kitchen & Washroom Faucets
* Range Hoods and many more
Moen, American Standard Pfister, Faucets, ABS, Copper and all type of fitting
905-792-0036
18 Strathearn Ave South A, Unit#25-27
Brampton (Steeles & Dixie)

ਦੇਸੀ ਦਵਾਈਆਂ ਦਾ ਚਮਤਕਾਰ
ਹਰਬਲ ਵਿਆਗਰਾ:-ਮਰਦਾਨਾ ਤਾਕਤ ਦਾ ਦੇਸੀ ਨੁਸਖਾ ਇਸ ਨੂੰ ਖਾਣ ਨਾਲ ਕੋਈ ਨੁਕਸਾਨ ਨਹੀਂ ਹੈ



ਨਸ਼ਾ ਛੁਡਾਓ
STOP
ਸ਼ਰਾਬ, ਅਫ਼ੀਮ, ਪੋਸਤ, ਭੁੱਕੀ ਆਦਿ ਹਰ ਤਰ੍ਹਾਂ ਦੇ ਨਸ਼ਾ ਬਗੈਰ ਤਕਲੀਫ ਤੋਂ ਛੁਡਵਾਇਆ ਜਾਂਦਾ ਹੈ
ਔਰਤਾਂ ਤੇ ਮਰਦਾਂ ਦੇ ਗੁਪਤ ਰੋਗਾਂ ਦਾ ਇਲਾਜ
ਮਾਹਵਾਰੀ ਅੱਗੇ/ਪਿੱਛੇ ਆਉਣੀ, ਪਾਣੀ ਪੈਣਾ, ਲੂਕੋਰੀਆ, ਗਰਭਪਾਤ ਵਾਰ-ਵਾਰ ਹੋਣਾ ਆਦਿ ਦਾ ਇਲਾਜ ਧਾਤ, ਸੁਪਨਦੋਸ਼, ਨਾਮਰਦੀ ਆਦਿ ਦਾ ਇਲਾਜ ਦੇਸੀ ਦਵਾਈਆਂ ਨਾਲ ਕੀਤਾ ਜਾਂਦਾ ਹੈ।



ਜੋੜਾਂ ਦਾ ਦਰਦ, ਸਿਰ ਦਰਦ, ਲੱਕ ਦਰਦ, ਪਿੱਠ ਦਰਦ, ਗੋਡਿਆਂ ਆਦਿ ਹਰ ਤਰ੍ਹਾਂ ਦੀਆਂ ਦਰਦਾਂ ਦਾ ਸਫ਼ਲ ਇਲਾਜ
ਚਮੜੀ ਦੇ ਰੋਗਾਂ ਦਾ ਸਫ਼ਲ ਇਲਾਜ
ਚੰਬਲ, ਦਦਰੀ, ਸ੍ਰਪਾਕੀ, ਐਲਰਜੀ, ਵਾਲ ਝਣਨੇ, ਐਗਜ਼ੀਮਾ ਅਤੇ ਹੋਰ ਰੋਗਾਂ ਦਾ ਸਫ਼ਲ ਇਲਾਜ ਕੀਤਾ ਜਾਂਦਾ ਹੈ
PH: 416-425-0138
514-632-0138
ਕੰਮ ਕਾਰ ਵਿੱਚ ਰੁਕਾਵਟ, ਘਰ ਕਲੇਸ਼, ਮਾਨਸਿਕ ਪਰੇਸ਼ਾਨੀ, ਇਮੀਗਰੇਸ਼ਨ ਦਾ ਮਸਲਾ ਹੱਲ ਨਹੀਂ ਹੋ ਰਿਹਾ? ਤਾਂ ਵੀ ਮਿਲੋ
ਸ਼ੂਗਰ ਦੀ ਦਵਾਈ ਵੀ ਦਿੱਤੀ ਜਾਂਦੀ ਹੈ
ਨੋਟ: ਸਾਰੇ ਇਲਾਜ ਦੇਸੀ ਜੜ੍ਹੀਆਂ ਬੂਟੀਆਂ ਨਾਲ ਕੀਤੇ ਜਾਂਦੇ ਹਨ
Solve Your Life Problems with Easy Opay & Lucky Stone, Book and Appointment Today!

ASK Mortgage Ltd.
Business Loan
Credit Line
Truck/Taxi Loan
New Immigrant Package
416-366-1234



Jaswinder Khosa
416-894-9400
1332 Khalsa Drive Unit 12

ਪੰਜਾਬ ਸਟਾਰ
www.punjabstar.com

# ਭਾਰ ਘਟਾਉਣ ਤੋਂ ਲੈ ਕੇ ਬੀ.ਪੀ ਨੂੰ ਕੰਟਰੋਲ ਕਰਨ ਤੱਕ

## ਰੋਜ਼ ਕੇਲਾ ਖਾਣ ਦੇ ਹਨ ਕਈ ਫ਼ਾਇਦੇ



ਨਵੀਂ ਦਿੱਲੀ: ਕੇਲਾ ਸੁਆਦੀ ਤੇ ਪੌਸ਼ਟਿਕ ਫਲ ਹੈ, ਜਿਸ ਨੂੰ ਦੁਨੀਆ ਭਰ ਦੇ ਲੋਕ ਆਪਣੀ ਖ਼ੁਰਾਕ ਦਾ ਹਿੱਸਾ ਬਣਾਉਂਦੇ ਹਨ। ਬਹੁਤ ਸਾਰੇ ਲੋਕ ਇਸ ਨੂੰ ਰੋਜ਼ਾਨਾ ਨਾਸ਼ਤੇ 'ਚ ਖਾਣਾ ਪਸੰਦ ਕਰਦੇ ਹਨ। ਇਸ 'ਚ ਵਿਟਾਮਿਨ, ਖਣਿਜ ਅਤੇ ਫਾਈਬਰ ਭਰਪੂਰ ਮਾਤਰਾ 'ਚ ਹੁੰਦਾ ਹੈ, ਜੋ ਇਸ ਨੂੰ ਸੁਪਰਫੂਡ ਬਣਾਉਂਦਾ ਹੈ। ਇਸ ਲਈ ਰੋਜ਼ਾਨਾ ਕੇਲਾ ਖਾਣ ਨਾਲ ਕਈ ਸਿਹਤ ਲਾਭ ਮਿਲ ਸਕਦੇ ਹਨ (Health Benefits of Banana) ਇਸ ਲਈ ਤੁਹਾਨੂੰ ਵੀ ਕੇਲੇ ਨੂੰ ਆਪਣੀ ਖ਼ੁਰਾਕ ਦਾ ਹਿੱਸਾ ਬਣਾਉਣਾ ਚਾਹੀਦਾ ਹੈ।

**ਪਾਚਨ 'ਚ ਸੁਧਾਰ**

ਕੇਲੇ 'ਚ ਜ਼ਿਆਦਾ ਮਾਤਰਾ 'ਚ ਫਾਈਬਰ ਹੁੰਦਾ ਹੈ, ਜੋ ਪਾਚਨ ਕਿਰਿਆ ਨੂੰ ਠੀਕ ਕਰਨ 'ਚ ਮਦਦ ਕਰਦਾ ਹੈ। ਫਾਈਬਰ ਕਬਜ਼ ਤੇ ਦਸਤ ਵਰਗੀਆਂ ਪਾਚਨ ਸਮੱਸਿਆਵਾਂ ਨੂੰ ਰੋਕਣ ਵਿਚ ਮਦਦ ਕਰਦਾ ਹੈ। ਇਸ ਤੋਂ ਇਲਾਵਾ ਕੇਲੇ 'ਚ ਪੋਟਾਸ਼ੀਅਮ ਦੀ ਵੀ ਜ਼ਿਆਦਾ ਮਾਤਰਾ ਹੁੰਦੀ ਹੈ, ਜੋ ਪਾਚਨ ਤੰਤਰ ਨੂੰ ਠੀਕ ਰੱਖਣ 'ਚ ਮਦਦ ਕਰਦੀ ਹੈ।

**ਦਿਲ ਦੀ ਸਿਹਤ**

ਕੇਲੇ 'ਚ ਪੋਟਾਸ਼ੀਅਮ ਦੀ ਜ਼ਿਆਦਾ ਮਾਤਰਾ ਦਿਲ ਦੀ ਸਿਹਤ ਲਈ ਫਾਇਦੇਮੰਦ ਹੁੰਦੀ ਹੈ। ਪੋਟਾਸ਼ੀਅਮ ਬਲੱਡ ਪ੍ਰੈਸ਼ਰ (blood pressure) ਨੂੰ ਘੱਟ ਕਰਨ 'ਚ ਮਦਦ ਕਰਦਾ ਹੈ, ਜਿਸ ਨਾਲ ਦਿਲ ਦੀਆਂ ਬਿਮਾਰੀਆਂ ਦਾ ਖ਼ਤਰਾ ਘੱਟ ਹੁੰਦਾ ਹੈ। ਇਸ ਤੋਂ ਇਲਾਵਾ ਕੇਲੇ 'ਚ ਫਾਈਬਰ ਅਤੇ ਵਿਟਾਮਿਨ-ਸੀ ਵੀ ਹੁੰਦਾ ਹੈ, ਜੋ ਦਿਲ ਦੀ ਸਿਹਤ ਨੂੰ ਠੀਕ ਰੱਖਦਾ ਹੈ।

**ਭਾਰ ਘਟਾਉਣ 'ਚ ਫ਼ਾਇਦੇਮੰਦ**

ਕੇਲੇ ਵਿਚ ਕੈਲੋਰੀ ਘੱਟ ਹੁੰਦੀ ਹੈ ਅਤੇ ਫਾਈਬਰ ਜ਼ਿਆਦਾ ਹੁੰਦਾ ਹੈ, ਜੋ ਭਾਰ ਘਟਾਉਣ (weight loss) ਵਿਚ ਮਦਦ ਕਰ ਸਕਦਾ ਹੈ। ਫਾਈਬਰ ਤੁਹਾਡੇ ਪੇਟ ਨੂੰ ਜ਼ਿਆਦਾ ਦੇਰ ਤਕ ਭਰਿਆ ਹੋਇਆ ਮਹਿਸੂਸ ਕਰਵਾਉਂਦਾ ਹੈ, ਜਿਸ ਨਾਲ ਤੁਹਾਨੂੰ ਘੱਟ ਖਾਣ ਦੀ ਸੰਭਾਵਨਾ ਵੱਧ ਜਾਂਦੀ ਹੈ। ਇਸ ਤੋਂ ਇਲਾਵਾ ਕੇਲੇ 'ਚ ਕਾਰਬੋਹਾਈਡ੍ਰੇਟਸ ਦੀ ਚੰਗੀ ਮਾਤਰਾ ਹੁੰਦੀ ਹੈ, ਜੋ ਊਰਜਾ ਪ੍ਰਦਾਨ ਕਰਦੇ ਹਨ ਅਤੇ ਤੁਹਾਨੂੰ ਐਕਟਿਵ ਰਹਿਣ 'ਚ ਮਦਦ ਕਰਦੇ ਹਨ।

**ਦਿਮਾਗ਼ ਦੀ ਸਿਹਤ**

ਕੇਲੇ ਵਿਚ ਵਿਟਾਮਿਨ ਬੀ6 ਦੀ ਚੰਗੀ ਮਾਤਰਾ ਹੁੰਦੀ ਹੈ, ਜੋ ਦਿਮਾਗ਼ ਦੀ ਸਿਹਤ ਲਈ ਜ਼ਰੂਰੀ ਹੈ। ਵਿਟਾਮਿਨ ਬੀ6 ਦਿਮਾਗ ਵਿਚ ਸੇਰੋਟੋਨਿਨ ਦੇ ਉਤਪਾਦਨ ਵਿਚ ਮਦਦ ਕਰਦਾ ਹੈ, ਜੋ ਮੂਡ ਅਤੇ ਨੀਂਦ ਨੂੰ ਕੰਟਰੋਲ ਕਰਦਾ ਹੈ। ਇਸ ਤੋਂ ਇਲਾਵਾ ਕੇਲੇ ਵਿਚ ਮੌਜੂਦ ਪੋਟਾਸ਼ੀਅਮ ਦਿਮਾਗ ਦੀ ਸਿਹਤ ਨੂੰ ਵੀ ਵਧਾਉਂਦਾ ਹੈ।

**ਬਲੱਡ ਸ਼ੂਗਰ ਨੂੰ ਕਰਦਾ ਹੈ ਮੈਨੇਜ**

ਕੇਲੇ ਵਿਚ ਕਾਰਬੋਹਾਈਡ੍ਰੇਟਸ ਦੀ ਚੰਗੀ ਮਾਤਰਾ ਹੁੰਦੀ ਹੈ, ਜੋ ਬਲੱਡ ਸ਼ੂਗਰ ਦੇ ਪੱਧਰ ਨੂੰ ਕੰਟਰੋਲ ਕਰਨ ਵਿਚ ਮਦਦ ਕਰ ਸਕਦੀ ਹੈ। ਹਾਲਾਂਕਿ ਕੇਲੇ ਵਿਚ ਕੁਝ ਮਾਤਰਾ ਵਿਚ ਚੀਨੀ ਵੀ ਹੁੰਦੀ ਹੈ, ਇਸ ਲਈ ਸ਼ੂਗਰ ਦੇ ਰੋਗੀਆਂ ਨੂੰ ਕੇਲਾ ਖਾਣ ਤੋਂ ਪਹਿਲਾਂ ਆਪਣੇ ਡਾਕਟਰ ਦੀ ਸਲਾਹ ਲੈਣੀ ਚਾਹੀਦੀ ਹੈ।

**ਕੇਲਾ ਖਾਣ ਦੇ ਹੋਰ ਫ਼ਾਇਦੇ**

**ਅੱਖਾਂ ਦੀ ਰੌਸ਼ਨੀ :** ਕੇਲੇ 'ਚ ਵਿਟਾਮਿਨ ਸੀ ਅਤੇ ਐਂਟੀਆਕਸੀਡੈਂਟ ਹੁੰਦੇ ਹਨ, ਜੋ ਅੱਖਾਂ ਦੀ ਰੋਸ਼ਨੀ ਨੂੰ ਵਧਾਉਂਦੇ ਹਨ।

**ਮਾਸਪੇਸ਼ੀਆਂ ਦੀ ਸਿਹਤ :** ਕੇਲੇ ਵਿੱਚ ਮੌਜੂਦ ਪੋਟਾਸ਼ੀਅਮ ਮਾਸਪੇਸ਼ੀਆਂ ਦੀ ਸਿਹਤ ਨੂੰ ਬਣਾਈ ਰੱਖਣ ਵਿੱਚ ਮਦਦ ਕਰਦਾ ਹੈ।

**ਚਮੜੀ ਦੀ ਸਿਹਤ :** ਕੇਲੇ ਵਿਚ ਮੌਜੂਦ ਐਂਟੀਆਕਸੀਡੈਂਟ ਚਮੜੀ ਨੂੰ ਫ੍ਰੀ ਰੈਡੀਕਲਜ਼ ਤੋਂ ਬਚਾਉਣ ਵਿਚ ਮਦਦ ਕਰਦੇ ਹਨ, ਜਿਸ ਨਾਲ ਚਮੜੀ ਦੀ ਸਿਹਤ ਵਿਚ ਸੁਧਾਰ ਹੁੰਦਾ ਹੈ ਅਤੇ ਚਮੜੀ ਚਮਕਦਾਰ ਰਹਿੰਦੀ ਹੈ।

# ਕੀ ਪੈਕ ਕੀਤੇ ਦੁੱਧ ਨੂੰ ਉਬਾਲਣਾ ਚਾਹੀਦਾ ਹੈ?

ਦੁੱਧ ਕੈਲਸ਼ੀਅਮ ਦਾ ਇੱਕ ਪਾਵਰਹਾਊਸ ਹੈ ਅਤੇ ਜੋ ਲੋਕ ਇਸਨੂੰ ਪੀ ਕੇ ਵੱਡੇ ਹੋਏ ਹਨ ਉਹ ਇਸਦੇ ਮੁੱਖ ਸਿਹਤ ਲਾਭਾਂ ਦੀ ਪੁਸ਼ਟੀ ਕਰ ਸਕਦੇ ਹਨ, ਖਾਸ ਕਰ ਕੇ ਹੱਡੀਆਂ ਅਤੇ ਜੋੜਾਂ ਲਈ। ਇਹ ਸਾਰੇ ਨੌਂ ਜ਼ਰੂਰੀ ਅਮੀਨੋ ਐਸਿਡਾਂ ਨਾਲ ਭਰੇ ਹੋਏ ਪ੍ਰੋਟੀਨ ਦਾ ਪਾਵਰਹਾਊਸ ਵੀ ਹੈ ਜੋ ਤੁਹਾਡਾ ਸਰੀਰ ਆਪਣੇ ਆਪ ਪੈਦਾ ਨਹੀਂ ਕਰ ਸਕਦਾ। ਅਤੇ ਕਿਉਂਕਿ ਅੱਜਕੱਲ੍ਹ ਤਾਜ਼ੇ ਦੁੱਧ ਦਾ ਸਰੋਤ ਪ੍ਰਾਪਤ ਕਰਨਾ ਆਸਾਨ ਨਹੀਂ ਹੈ, ਜ਼ਿਆਦਾਤਰ ਘਰ ਰੋਜ਼ਾਨਾ ਲੋੜਾਂ ਲਈ ਪੈਕ ਕੀਤੇ ਦੁੱਧ 'ਤੇ ਨਿਰਭਰ ਕਰਦੇ ਹਨ। ਚਾਹੇ ਟੈਟਰਾ ਪੈਕ ਹੋਵੇ ਜਾਂ ਪੈਕੇਟ, ਕਈ ਲੋਕ ਉਸ ਦੁੱਧ ਨੂੰ ਵੀ ਉਬਾਲਦੇ ਹਨ। ਹਾਲਾਂਕਿ, ਮਾਹਰਾਂ ਦੇ ਅਨੁਸਾਰ, ਤੁਹਾਨੂੰ ਇਸ ਨੂੰ ਰੋਕਣ ਦੀ ਜ਼ਰੂਰਤ ਹੈ।

**ਤੁਹਾਨੂੰ ਪੈਕ ਕੀਤੇ ਦੁੱਧ ਨੂੰ ਕਿਉਂ ਨਹੀਂ ਉਬਾਲਣਾ ਚਾਹੀਦਾ ਹੈ?**

ਪੈਕ ਕੀਤੇ ਦੁੱਧ ਨੂੰ ਪੇਸਚਰਾਈਜ਼ੇਸ਼ਨ ਤੋਂ ਗੁਜ਼ਰਦਾ ਹੈ - ਇੱਕ ਗਰਮੀ ਦੇ ਇਲਾਜ ਦੀ ਪ੍ਰਕਿਰਿਆ ਜੋ ਭੋਜਨ ਵਿੱਚ ਹਾਨੀਕਾਰਕ ਬੈਕਟੀਰੀਆ ਨੂੰ ਮਾਰਦੀ ਹੈ ਤਾਂ ਜੋ ਇਸਨੂੰ ਖਾਣ ਲਈ ਸੁਰੱਖਿਅਤ ਬਣਾਇਆ ਜਾ ਸਕੇ ਅਤੇ ਇਸਦੀ ਸ਼ੈਲਫ ਲਾਈਫ ਨੂੰ ਵਧਾਇਆ ਜਾ ਸਕੇ। ਮਾਹਿਰਾਂ ਦੇ ਅਨੁਸਾਰ, ਏਵੀਅਨ ਇਨਫਲੂਐਂਜ਼ਾ ਵਾਇਰਸ, ਮਾਈਕੋਬੈਕਟੀਰੀਅਮ, ਈ. ਕੋਲੀ, ਲਿਸਟੀਰੀਆ ਅਤੇ ਕੈਂਪੀਲੋਬੈਕਟਰ ਨੂੰ ਮਾਰਨ ਲਈ ਦੁੱਧ ਨੂੰ ਆਮ ਤੌਰ 'ਤੇ 71 ਡਿਗਰੀ ਸੈਲਸੀਅਸ 'ਤੇ ਗਰਮ ਕੀਤਾ ਜਾਂਦਾ ਹੈ - ਇਹ ਸਾਰੇ ਵੱਖ-ਵੱਖ ਬਿਮਾਰੀਆਂ ਅਤੇ ਬਿਮਾਰੀਆਂ ਦਾ ਕਾਰਨ ਬਣ ਸਕਦੇ ਹਨ। ਪਾਸਚੁਰਾਈਜ਼ੇਸ਼ਨ ਨਾ ਸਿਰਫ਼ ਹਾਨੀਕਾਰਕ ਬੈਕਟੀਰੀਆ ਨੂੰ ਮਾਰਦਾ ਹੈ ਜੋ ਲਿਸਟਰੀਓਸਿਸ, ਟਾਈਫਾਈਡ ਬੁਖ਼ਾਰ, ਟੀਬੀ, ਡਿਪਥੀਰੀਆ ਅਤੇ ਬਰੂਸੈਲੋਸਿਸ ਦੇ ਫੈਲਣ ਦੇ ਪਿੱਛੇ ਹਨ, ਬਲਕਿ ਵਿਗਾੜ ਨੂੰ ਹੌਲੀ ਕਰਦਾ ਹੈ ਅਤੇ ਭੋਜਨ ਉਤਪਾਦਾਂ ਦੀ ਸ਼ੈਲਫ ਲਾਈਫ ਨੂੰ ਵਧਾਉਂਦਾ ਹੈ। ਡਾਕਟਰਾਂ ਦਾ ਕਹਿਣਾ ਹੈ ਕਿ ਕਿਉਂਕਿ ਇਹ ਭੋਜਨ ਦੇ ਸੁਆਦ ਜਾਂ ਪੌਸ਼ਟਿਕ ਮੁੱਲ ਨੂੰ ਪ੍ਰਭਾਵਤ ਨਹੀਂ ਕਰਦਾ ਹੈ, ਤੁਹਾਨੂੰ ਦੁੱਧ ਨੂੰ ਉਬਾਲਣ ਤੋਂ ਪਰਹੇਜ਼ ਕਰਨਾ ਚਾਹੀਦਾ ਹੈ।

# ਵਿਸ਼ਵ ਖ਼ੁਦਕੁਸ਼ੀ ਰੋਕਥਾਮ ਦਿਵਸ 2024 :

## ਖੁੱਲ੍ਹ ਕੇ ਗੱਲਬਾਤ ਕਰਕੇ ਖ਼ੁਦਕੁਸ਼ੀ ਕਰਨ ਵਾਲਿਆਂ ਨੂੰ ਬਚਾਓ




"ਖੁਦਕੁਸ਼ੀ ਕਿਸੇ ਸਮੱਸਿਆ ਦਾ ਹਲ ਨਹੀਂ, ਅੱਜ ਯੋਜਨਾਵਦ ਰਾਸ਼ਟਰੀ ਨੀਤੀਆਂ ਨਾਲ ਖੁਦਕੁਸ਼ੀਆਂ ਨੂੰ ਰੋਕਣ ਦੀ ਲੋੜ ਹੈ" - ਅਨਿਲ ਧੀਰ, ਕਾਲਮਨਿਸਟ, ਥੈਰਾਪਿਸਟ, ਹੈਲਥ ਐਜੂਕੇਟਰ ਅਵਾਰਡ ਵਿਜੇਤਾ, ਸੋਸ਼ਲ ਐਕਟੀਵਿਸਟ



**Anil Dheer**
Columnist. Alternative Therapist, Social Activist. Health Educator Award winner; Certified in: GNT Diseases 2023 (W.H.O) Air Pollution n Health 2023 (W.H.O) Monkey-pox Virus: Health Emergencies programme (W.H.O) PHR-UNICEF Covid Variants-Vaccine-specific resources & IPC (W.H.O)

**ਹੈਲਥ ਮੀਡੀਆ ਕੈਨੇਡਾ:** ਵਿਸ਼ਵ ਆਤਮ ਹੱਤਿਆ ਅਵੇਅਰਨੈਸ ਦਿਵਸ 10 ਸਤੰਬਰ, 2024 ਦੇ ਦਿਨ ਅੰਤਰਰਾਸ਼ਟਰੀ ਪੱਧਰ 'ਤੇ ਵਰਲਡ ਹੈਲਥ ਅਰਗਨਾਈਜ਼ੇਸ਼ਨ ਵਿਸ਼ਵ ਸਿਹਤ ਸੰਸਥਾ ਦੇ ਸਹਿਯੋਗ ਨਾਲ ਜਨਤਾ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ।

ਖੁਦਕੁਸ਼ੀ ਰੋਕਥਾਮ ਦਿਵਸ ਸਾਲ 2024 ਦਾ ਥੀਮ ਹੈ - ਗੱਲਬਾਤ ਰਾਹੀਂ ਆਤਮਹੱਤਿਆ ਦੇ ਬਿਰਤਾਂਤ ਨੂੰ ਬਦਲ ਕੇ ਇਸ ਕਲੰਕ ਦੇ ਮਹੱਤਵ ਬਾਰੇ ਜਾਗਰੂਕਤਾ ਪੈਦਾ ਕਰਕੇ ਖੁਦਕੁਸ਼ੀਆਂ ਨੂੰ ਰੋਕਣ ਲਈ ਖੁੱਲ੍ਹੀ ਗੱਲਬਾਤ ਨੂੰ ਉਤਸ਼ਾਹਿਤ ਕਰਨਾ ਹੈ। ਦੁਨੀਆ ਦੇ 70 ਦੇਸ਼ਾਂ ਵਿੱਚ ਖੁਦਕੁਸ਼ੀ ਦੀ ਰੋਕਥਾਮ ਲਈ ਸੋਸ਼ਲ ਮੀਡਿਆ, ਯਾਦਗਾਰੀ, ਵਿੱਦਿਅਕ ਸਮਾਗਮ, ਪ੍ਰੈਸ ਕਾਨਫਰੰਸਾਂ ਰਾਹੀਂ ਕਮੀਨਿਊਟੀ ਪੱਧਰ ਤੋਂ ਲੈ ਕੇ ਅੰਤਰਰਾਸ਼ਟਰੀ ਪੱਧਰ ਤੱਕ ਜਨਤਾ ਨੂੰ ਅਵੇਅਰ ਕੀਤਾ ਜਾਂਦਾ ਹੈ। W.H.O ਦੀ ਰਿਪੋਰਟ ਮੁਤਾਬਿਕ ਹਰ 40 ਸਕਿੰਟਾਂ ਵਿੱਚ ਕੋਈ ਆਪਣੀ ਜਾਨ ਲੈਂਦਾ ਹੈ। ਕਰੀਬਨ 1 ਮਿਲੀਅਨ ਦੇ ਨੇੜੇ ਆਂਕੜਾ ਪਹੁੰਚ ਗਿਆ ਹੈ। ਜਿਨਾਂ ਵਿਚ 85% ਘੱਟ ਅਤੇ ਦਰਮਿਆਨੀ ਆਮਦਨੀ ਵਾਲੇ ਦੇਸ਼ਾਂ ਵਿਚ ਕੀਟਨਾਸ਼ਕ ਜ਼ਹਿਰ, ਨਸ਼ੀਲੇ ਵਸਤਾਂ ਦੇ ਓਵਰਡੋਜ਼, ਹਥਿਆਰ ਨਾਲ ਅਤੇ ਫਾਂਸੀ ਵਗੈਰਾ ਲਾ ਕੇ ਕਰਨਾ ਆਮ ਗੱਲ ਹੋ ਗਈ ਹੈ। ਨੌਜਵਾਨਾਂ ਤੋਂ ਲੈ ਕੇ ਹਰ ਉਮਰ ਵਿਚ ਆਤਮ ਹੱਤਿਆ ਦਾ ਆਂਕੜਾ ਘੱਟ ਕਰਨ ਲਈ ਰਾਸ਼ਟਰੀ- ਅੰਤਰਰਾਸ਼ਟਰੀ ਪੱਧਰ 'ਤੇ ਸਾਂਝੀ ਰਣਨੀਤੀ ਬਣਾਈ ਜਾ ਰਹੀ ਹੈ। ਵਿਸ਼ਵ ਭਰ ਵਿਚ 15-29 ਸਾਲ ਦੇ ਬੱਚਿਆਂ ਦੀ ਮੌਤ ਦਾ ਮੁੱਖ ਕਾਰਨ ਬਿਮਾਰੀ ਤੋਂ'ਨ ਇਲਾਵਾ ਖੁਦਕਸ਼ੀ ਦਸਿਆ ਗਿਆ ਹੈ।ਕਾਫੀ ਸਮੇਂ ਤੋਂ ਸਮੱਸਿਆ ਦਾ ਹੱਲ ਲੱਭਣ ਦੇ ਯਤਨ ਕੀਤੇ ਜਾ ਰਹੇ ਹਨ। 50 ਸਾਲ ਤੋਂ ਵੱਧ ਉਮਰ ਦੇ ਲੋਕ ਖੁਦਕਸ਼ੀ ਮਾਨਸਿਕ ਕਮਜ਼ੋਰੀ ਅਤੇ ਜ਼ਿਆਦਾ ਸਟ੍ਰੈਸ ਰਹਿਣ ਕਰਕੇ ਕਰਦੇ ਹਨ।

ਪਰਿਵਾਰ ਵਿਚ ਲਗਾਤਾਰ ਕਲੇਸ਼ ਰਹਿਣਾ, ਜੌਬ-ਕੰਮਕਾਜ ਨਾ ਰਹਿਣਾ, ਵਪਾਰ ਵਿਚ ਘਾਟਾ, ਹੋਰ-ਹੋਰ ਦੀ ਪ੍ਰਾਪਤੀ ਲਈ ਲਾਲਚ, ਨਸ਼ੀਲੇ ਪਦਾਰਥਾਂ ਦੀ ਦੁਰਵਰਤੋਂ, ਅਤੇ ਮਾਡਰਨ ਲਾਈਫ ਸਟਾਇਲ ਸਟ੍ਰੈਸ ਇਨਸਾਨ ਨੂੰ ਖੁਦਕਸ਼ੀ ਦੇ ਰਸਤੇ 'ਤੇ ਲੈ ਕੇ ਜਾ ਰਿਹਾ ਹੈ। ਆਤਮ ਹੱਤਿਆ ਆਪਣੇ ਆਪ ਵਿੱਚ ਇੱਕ ਮਾਨਸਿਕ ਬਿਮਾਰੀ ਨਹੀਂ ਹੈ ਬਲਕਿ ਇਲਾਜ ਯੋਗ ਮਾਨਸਿਕ ਵਿਗਾੜਾਂ ਦਾ ਇੱਕ ਸੰਭਾਵਿਤ ਗੰਭੀਰ ਨਤੀਜਾ ਹੈ। ਜਿਸ ਵਿਚ ਪ੍ਰਮੁੱਖ ਤਨਾਅ, ਬਾਈਪੋਲਰ ਡਿਸਆਡਰ, ਸਦਮੇ ਤੋਂ ਬਾਅਦ ਦੇ ਤਨਾਅ ਵਿਕਾਰ, ਬਾਰਡਰਲਾਈਨ ਸ਼ਖਸੀਅਤ ਵਿਗਾੜ, ਸ਼ਾਈਜ਼ੋਫਰਨੀਆ, ਪਦਾਰਥਾਂ ਦੀ ਵਰਤੋਂ ਸੰਬੰਧੀ ਵਿਕਾਰ, ਅਤੇ ਖਾਣ ਦੀਆਂ ਬਿਮਾਰੀਆਂ ਬਲੀਮੀਆ ਅਤੇ ਐਨੋਰੈਕਸੀਆ ਨਰਵੋਸਾ ਵਗੈਰਾ ਸ਼ਾਮਿਲ ਹਨ।

ਡਬਲਯੂ ਐਚਓ (W.H.O) ਨੇ ਅੰਤਰਰਾਸ਼ਟਰੀ ਪੱਧਰ 'ਤੇ ਦੇਸ਼ਾਂ ਨੂੰ ਆਪਸੀ ਤਾਲਮੇਲ ਨਾਲ ਸਿਹਤ ਦੇ ਨਾਲ-ਨਾਲ ਰੁਜ਼ਗਾਰ, ਅਦਾਲਤੀ ਜਸਟਿਸ, ਸਿੱਖਿਆ ਅਤੇ ਸਮਾਜ ਭਲਾਈ ਦੇ ਖੇਤਰ ਵਿਚ ਉੱਚ ਪੱਧਰੀ ਵਚਨਵਧਤਾ ਬਰਕਰਾਰ ਰੱਖਣ ਦੀ ਸਿਫਾਰਿਸ਼ ਕੀਤੀ ਹੈ।

ਵਿਸ਼ਵ ਭਰ ਵਿਚ W.H.O ਨੇ ਮਾਨਸਿਕ ਸਿਹਤ ਐਕਸ਼ਨ ਪਲਾਨ ਮੁਤਾਬਿਕ ਇਸ ਦਿਨ ਆਤਮ ਹੱਤਿਆ ਅਤੇ ਖੁਦਕੁਸ਼ੀ ਰੋਕਥਾਮ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਸਾਂਝੇ ਕਦਮ ਚੱਕਣ ਦਾ ਮੌਕਾ ਦਿੰਦਾ ਹੈ।

W.H.O ਦੇ ਮੈਂਬਰ ਦੇਸ਼ਾਂ ਨੇ ਆਤਮ ਹੱਤਿਆ ਦੀ ਦਰ ਘਟਾਓਣ ਲਈ ਆਪਣੇ ਆਪ ਨੂੰ ਵਿਸ਼ਵ ਪੱਧਰ 'ਤੇ ਇੱਕ ਪਹਿਲ ਦੀ ਸ਼ਕਲ ਵਿਚ ਸੇਵਾ ਪ੍ਰਬੰਧਾਂ ਦਾ ਵਿਸਥਾਰ ਕਰਨ ਅਤੇ ਟੀਚੇ ਵੱਲ ਕੰਮ ਕਰਨ ਲਈ ਤਕਨੀਕੀ ਖੋਜ਼ ਲਈ ਵਚਨਵੱਧ ਕੀਤਾ ਹੈ।

ਖੁਦਕੁਸ਼ੀ ਦੇ ਚਿਤਾਵਨੀ ਸੰਕੇਤਾਂ ਯਾਨਿ ਵੱਧ ਰਹੀ ਮਾਨਸਿਕ ਨਿਰਾਸ਼ਾ ਦੀ ਭਾਵਨਾ ਦੀ ਪਛਾਣ ਕਰਨ ਵਿਚ ਪਰਿਵਾਰ, ਦੋਸਤ, ਸਮਾਜ ਅਤੇ ਸਰਕਾਰ ਦੇ ਆਪਸੀ ਸਹਿਯੋਗ ਦੀ ਲੋੜ ਹੈ।

ਖੁਦਕੁਸ਼ੀ ਦੇ ਚਿਤਾਵਨੀ ਸੰਕੇਤ ਜਿਵੇਂ : ਨਸ਼ਿਆਂ ਦੀ ਦੁਰਵਰਤੋਂ, ਵੱਧ ਰਹੇ ਤਲਾਕ, ਜ਼ਿਆਦਾ ਉਦਾਸੀ ਵਾਲੀ ਮਨੋਦਸ਼ਾ, ਭਵਿੱਖ ਪ੍ਰਤੀ ਲੰਬੇ ਸਮੇਂ ਤੱਕ ਰਹਿਣ ਵਾਲੀ ਉਦਾਸੀ, ਇਕੱਲਾਪਨ, ਬਦਲ ਰਹੀ ਮਨੋਦਸ਼ਾ, ਅਚਾਨਕ ਗੁੱਸਾ, ਨਿਰਾਸ਼ਾ, ਨੈਗੇਟਿਵ ਸੋਚ, ਹੀਨ ਭਾਵਨਾ, ਅਚਾਨਕ ਸ਼ਾਂਤੀ, ਸਵੈ-ਨੁਕਸਾਨਦੇਹ ਵਿਵਹਾਰ, ਸਰੀਰਕ 'ਤੇ ਮਾਨਸਿਕ ਬਿਮਾਰੀਆਂ ਵਗੈਰਾ ਚੰਗੇ ਭਲੇ ਨੂੰ ਆਤਮ ਹੱਤਿਆ ਦਾ ਫੈਸਲਾ ਲੈਣ ਨੂੰ ਮਜਬੂਰ ਕਰ ਦਿੰਦੀ ਹੈ। ਆਤਮ ਹੱਤਿਆ ਦੀ ਹਰ ਧਮਕੀ ਨੂੰ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ।

**ਨੋਟ:** ਜ਼ਿੰਦਗੀ ਬੜੀ ਕੀਮਤੀ ਹੈ। ਵਕਤ ਨਾਲ ਬਦਲ ਕੇ ਮਾਨਸਿਕ ਪ੍ਰੇਸ਼ਾਨੀ ਦੀ ਹਾਲਤ ਵਿਚ ਹਮੇਸ਼ਾ ਆਪਣੇ ਪਰਿਵਾਰ, ਦੋਸਤ-ਮਿੱਤਰਾਂ ਅਤੇ ਸਮਾਜ ਦਾ ਕਮਉਨੀਟੀ ਅਤੇ ਚੰਗਾ ਕੰਮ ਕਰਨ ਵਾਲੀਆਂ ਸੰਸਥਾਂਵਾਂ ਦੇ ਆਪਸੀ ਸਹਿਯੋਗ ਨਾਲ ਖਿਆਲ ਰੱਖੋ। ਤੇਜ਼ ਰਫਤਾਰ ਜ਼ਿੰਦਗੀ ਦੌਰਾਣ ਹਰ ਆਦਮੀ ਨੂੰ ਆਪਣੇ ਅੰਦਰ ਆਤਮ ਵਿਸ਼ਵਾਸ਼ ਬਰਕਰਾਰ ਰੱਖ ਕੇ ਮੁਸੀਬਤਾਂ ਦਾ ਡਟ ਕੇ ਮੁਕਾਬਲਾ ਕਰਨ ਦੀ ਆਦਤ ਪਾ ਲੈਣੀ ਚਾਹੀਦੀ ਹੈ। ਲੋੜ ਪੈਣ 'ਤੇ ਪ੍ਰੋਫੈਸ਼ਨਲ ਦੀ ਸਲਾਹ ਜਰੂਰ ਲਵੋ ਅਤੇ ਆਪਣੇ ਆਪ ਨੂੰ ਸੰਭਾਲੋ। ਸਰਕਾਰੀ ਗੈਰ-ਸਰਕਾਰੀ ਸੰਸਥਾਂਵਾਂ, ਆਪਣੇ ਪਰਿਵਾਰ, ਦੋਸਤ-ਮਿੱਤਰਾਂ ਨਾਲ ਖੁੱਲ੍ਹ ਕੇ ਸਮੱਸਿਆ ਬਾਰੇ ਗੱਲਬਾਤ ਆਪਣੀ ਅਨਮੋਲ ਜ਼ਿੰਦਗੀ ਨੂੰ ਬਚਾਓ।















# ਭੁੱਲਣਾ ਵੀ ਇੱਕ ਦਾਤ ਹੈ





ਜਸਵਿੰਦਰ ਸਿੰਘ ਰੁਪਾਲ
9814715796

ਜਗਤ ਤਮਾਸ਼ਾ ਦੇਖਦਿਆਂ ਅਤੇ ਇਸ ਵਿੱਚ ਵਿਚਰਦਿਆਂ ਸਾਡਾ ਵਾਹ ਵੱਖ ਵੱਖ ਤਰਾਂ ਦੀਆਂ ਘਟਨਾਵਾਂ ਨਾਲ ਪੈਂਦਾ ਹੈ। ਜੋ ਕੁਝ ਵੀ ਸਾਡੇ ਸਾਹਮਣੇ ਆਉਂਦਾ ਹੈ, ਉਸ ਦਾ ਛੋਟਾ ਵੱਡਾ ਅਕਸ ਸਾਡੇ ਮਨ ਦੇ ਚਿਤਰਪਟ ਤੇ ਬਣਦਾ ਹੈ। ਇਹ ਅੱਜ ਤੋਂ ਨਹੀਂ ਮਨੁੱਖ ਦੇ ਆਰੰਭ ਤੋਂ ਹੀ ਚੱਲਦਾ ਆ ਰਿਹਾ ਹੈ। ਬਿਲਕੁਲ ਛੋਟੇ ਬੱਚੇ ਤੋਂ ਲੈ ਕੇ ਇਨਸਾਨ ਦੇ ਮਰਨ ਤੱਕ ਇਹ ਵਰਤਾਰਾ ਚੱਲਦਾ ਰਹਿੰਦਾ ਹੈ। ਹਰ ਦੇਸ਼ ਧਰਮ ਰੰਗ ਨਸਲ ਦੇ ਲੋਕਾਂ ਨਾਲ ਇਹੋ ਜਿਹਾ ਹੀ ਵਾਪਰਦਾ ਹੈ। ਆਓ ਅੱਜ ਇਸ ਵਰਤਾਰੇ ਬਾਰੇ ਕੁਝ ਹੋਰ ਗੱਲਾਂ ਕਰੀਏ। ਮਨੁੱਖੀ ਮਨ ਵਿਲੱਖਣ ਅਤੇ ਗੁੰਝਲਦਾਰ ਮਸ਼ੀਨ ਦੀ ਤਰਾਂ ਹੈ – ਅੱਜ ਕੱਲ੍ਹ ਦੇ ਕੰਪਿਊਟਰ ਦੀ ਤਰਾਂ। ਡਾਟਾ ਸੇਵ ਕਰਨ ਨਾਲ ਕੰਪਿਊਟਰ ਉਸ ਨੂੰ ਲੰਮੇ ਸਮੇਂ ਤੱਕ ਸੰਭਾਲ ਕੇ ਰੱਖ ਸਕਦਾ ਹੈ। ਵਰਨਾ ਸੇਵ ਦੀ ਕਮਾਂਡ ਦੇਣ ਤੋਂ ਬਿਨਾਂ ਹਰ ਨਵਾਂ ਟਾਈਪ ਕੀਤਾ ਜਾਣ ਵਾਲਾ ਡਾਟਾ ਪਹਿਲੇ ਨੂੰ ਸਾਫ ਕਰ ਦਿੰਦਾ ਹੈ। ਸੇਵ ਕੀਤੀ ਚੀਜ ਅਸੀਂ ਡਿਲੀਟ ਵੀ ਕਰ ਸਕਦੇ ਹਾਂ ਜਿਥੋਂ ਉਹ ਰੀਸਾਈਕਲ ਬਿਨ ਵਿੱਚ ਚਲੀ ਜਾਂਦੀ ਹੈ।

ਇਸ ਨੂੰ ਲੋੜ ਪੈਣ ਤੇ ਰੀਸਟੋਰ ਵੀ ਕੀਤਾ ਜਾ ਸਕਦਾ ਹੈ ਅਤੇ ਪੂਰਨ ਤੌਰ ਤੇ ਡਿਲੀਟ ਵੀ ਕੀਤਾ ਜਾ ਸਕਦਾ ਹੈ। ਮਨੁੱਖੀ ਮਨ ਦੇ ਕੰਮ ਕਰਨ ਦਾ ਤਰੀਕਾ ਵੀ ਕੁਝ ਇਸੇ ਤਰਾਂ ਜਾਪਦਾ ਹੈ। ਨਿਜ ਨਾਲ ਸਮਾਜ ਵਿਚ ਹੋ ਰਹੇ ਪਰਿਵਰਤਨ ਇਸ ਦੀਆਂ ਅੱਖਾਂ ਅੱਗਿਓਂ ਲੰਘਦੇ ਹਨ, ਮਨ ਦੇ ਕੈਨਵਸ ਤੇ ਉੱਕਰੇ ਜਾਂਦੇ ਹਨ। ਸਮਾਂ ਗੁਜਰਦਾ ਜਾਂਦਾ ਹੈ ਹੋਰ ਦ੍ਰਿਸ਼ ਆਉਂਦੇ ਰਹਿੰਦੇ ਹਨ ਅਤੇ ਨਵਿਆਂ ਦੀ ਯਾਦ ਉੱਕਰਦੀ ਜਾਂਦੀ ਹੈ। ਇਹ ਗੱਲ ਵਿਅਕਤੀਆਂ, ਥਾਵਾਂ, ਘਟਨਾਵਾਂ ਅਤੇ ਹਰ ਤਰਾਂ ਦੇ ਵਰਤਾਰਿਆਂ ਬਾਰੇ ਇੱਕ ਸਮਾਨ ਵਾਪਰਦੀ ਹੈ। ਹਰ ਨਵਾਂ ਮਿਲਿਆ ਮਨੁੱਖ, ਨਵੀ ਥਾਂ, ਨਵੀ ਘਟਨਾ ਸਮਾਂ ਪਾ ਕੇ ਪੁਰਾਣੀਆਂ ਹੋਈ ਜਾਂਦੀਆਂ ਹਨ ਅਤੇ ਉਨ੍ਹਾਂ ਦੀਆਂ ਯਾਦਾਂ ਧੁੰਦਲੀਆਂ ਪੈਂਦੀਆਂ ਪੈਂਦੀਆਂ ਹੌਲੀ ਹੌਲੀ ਮਿਟਣ ਲੱਗਦੀਆਂ ਹਨ। ਕੁਝ ਪੁਰਾਣੀਆਂ ਘਟਨਾਵਾਂ ਨੂੰ ਯਾਦ ਕਰਕੇ ਦੇਖੀਏ ਤਾਂ ਸਾਨੂੰ ਸਿਰਫ ਉਹ ਮਹੱਤਵਪੂਰਨ ਘਟਨਾਵਾਂ ਹੀ ਯਾਦ ਆਉਣਗੀਆਂ ਜਿਨ੍ਹਾਂ ਤੋਂ ਸਾਨੂੰ ਜਾਂ ਤਾਂ ਬਹੁਤ ਖੁਸ਼ੀ ਮਿਲੀ ਸੀ ਅਤੇ ਜਾਂ ਬਹੁਤ ਜਿਆਦਾ ਦੁੱਖ ਮਿਲਿਆ ਸੀ। ਬਹੁਤ ਜਿਆਦਾ ਮਾਣ ਸਨਮਾਨ ਮਿਲਿਆ ਸੀ ,ਜਾਂ ਫਿਰ ਬਹੁਤ ਅਪਮਾਨਿਤ ਮਹਿਸੂਸ ਕੀਤਾ ਸੀ। ਪਰ ਇਹ ਉਤੇਜਨਾ ਦੇ ਪਲ ਵੀ ਸਦਾ ਨਹੀਂ ਬਣੇ ਰਹਿੰਦੇ। ਜਿਵੇਂ ਸਮੁੰਦਰ ਵਿਚ ਜਵਾਰ ਭਾਟਾ ਆਉਂਦਾ ਹੈ, ਪਰ ਅਸਲ ਵਿਚ ਸ਼ਾਂਤ ਅਤੇ ਇਕੋ ਜਿਹਾ ਰਹਿਣਾ ਇਸਦਾ ਸੁਭਾਅ ਹੈ।

ਸ਼ੁਕਰ ਹੈ ਪਰਮਾਤਮਾ ਦਾ ਜਿਸਨੇ ਹੋਰ ਦਾਤਾਂ ਦੇ ਨਾਲ ਸਾਨੂੰ ਇਕ ਦਾਤ ਭੁੱਲਣ ਦੀ ਵੀ ਬਖਸ਼ੀ ਹੋਈ ਹੈ। ਜੀਂ ਹਾਂ, ਇਹ ਇਕ ਬਹੁਤ ਵੱਡੀ ਦਾਤ ਹੈ। ਅਸੀਂ ਅਕਸਰ ਯਾਦ ਕਰਨ ਨੂੰ ਵਡਿਆਇਆ ਹੈ ਅਤੇ ਭੁੱਲਕੜਾਂ ਨੂੰ ਛੁਟਿਆਇਆ ਹੀ ਹੈ। ਪਰ ਹੁਣ ਮੇਰੇ ਨਾਲ ਜਰਾ ਵੱਖਰੇ ਦ੍ਰਿਸ਼ਟੀਕੋਣ ਤੋਂ ਸੋਚ ਕੇ ਦੇਖੋ.....। ਜਰਾ ਸੋਚੋ ਤਾਂ ਕੀ ਹੁੰਦਾ ਜੇ ਸਾਡੇ ਹਰ ਛੋਟੀ ਤੋਂ ਛੋਟੀ ਗੱਲ ਅਤੇ ਘਟਨਾ ਯਾਦ ਰਹਿੰਦੀ। ਹੁਣ ਤੱਕ ਸਾਡੇ ਦਿਮਾਗ ਦੇ ਪਰਖੱਚੇ ਉੱਡ ਗਏ ਹੁੰਦੇ। ਕੀ ਅਸੀਂ ਬੀਤੇ ਦਾ ਇੰਨਾ ਬੋਝ ਰੱਖ ਕੇ ਨਵੇਂ ਕੰਮ ਕਰਨ ਦੇ ਆਜ਼ਾਦ ਅਤੇ ਨਵੇਂ ਫ਼ੈਸਲੇ ਲੈ ਸਕਦੇ ??? ਸ਼ਾਇਦ ਕਦੇ ਵੀ ਨਹੀਂ । ਬੀਤੇ ਦੇ ਦੁੱਖਾਂ ਨੂੰ ਭੁੱਲਣ ਕਰਕੇ ਹੀ ਅਸੀਂ ਨਵੇਂ ਸਿਰੇ ਤੋਂ ਅੱਗੇ ਵਧ ਸਕੇ ਹਾਂ। ਹਰ ਵਿਨਾਸ਼ ਤੋਂ ਪਿੱਛੋਂ ਵਿਕਾਸ ਹੋਇਆ ਹੈ। ਹਰ ਸਭਿਅਤਾ ਉੱਜੜ ਉੱਜੜ ਕੇ ਵਸੀ ਹੈ। ਕਿੰਨੀਆਂ ਹੀ ਬੀਮਾਰੀਆਂ, ਐਕਸੀਡੈਂਟ ,ਸੱਟਾਂ ਇਨਸਾਨ ਸਹਿੰਦਾ ਹੈ, ਸਰੀਰ ਡਿੱਗਦਾ ਹੈ, ਹਸਪਤਾਲ ਪੁੱਜਦਾ ਹੈ, ਕਈ ਵਾਰ ਅਪਰੇਸ਼ਨ ਥੀਏਟਰ ਵੀ ਪੁੱਜਣਾ ਪੈ ਜਾਂਦਾ ਹੈ, ਪਰ ਫੇਰ ਇਕ ਨਵਾਂ ਜਨਮ-ਇਕ ਨਵਾਂ ਜੀਵਨ ਲੈ ਕੇ ਪਰਤ ਆਉਣ ਤੇ ਉਸ ਸਭ ਕੁਝ ਨੂੰ ਇਕ ਡਰਾਉਣੇ ਸੁਪਨੇ ਵਾਂਗ ਭੁੱਲ ਕੇ ਜ਼ਿੰਦਗੀ ਜੀਣ ਲੱਗ ਜਾਂਦਾ ਹੈ.....। ਇਕ ਦਾਤ ਹੀ ਤਾਂ ਹੈ ਇਹ !!!

ਕਦੇ ਕਦਾਈਂ ਮਨ ਦਾ ਮਹਿਰਮ ਵਿਛੋੜਾ ਦੇ ਜਾਂਦਾ ਹੈ ਕੋਈ ਬਹੁਤ ਕਰੀਬੀ ਸਦੀਵੀ ਤੌਰ ਤੇ ਅਲਵਿਦਾ ਆਖ ਜਾਂਦਾ ਹੈ। ਕਦੇ ਕਿਸੇ ਔਰਤ ਦਾ ਸੁਹਾਗ, ਇੱਕਲਾ ਕਮਾਊ, ਕਦੇ ਕਿਸੇ ਮਾਂ ਦਾ ਇਕਲੌਤਾ ਪੁੱਟ, ਪ੍ਰੇਮੀ ਜਾਂ ਪ੍ਰੇਮਿਕਾ ਕਦੇ ਜਿਗਰੀ ਯਾਰ ਸਾਥ ਛੱਡ ਜਾਂਦੇ ਹਨ ਪਰ ਕੀ ਇਸ ਸੱਲ੍ਹ ਨੂੰ ਸਦਾ ਕਲੇਜੇ ਨਾਲ ਲਗਾ ਕੇ ਰੱਖਿਆ ਜਾ ਸਕਦਾ ਹੈ ?? ਭਾਵੇਂ ਡਾਢੀ ਔਖ ਨਾਲ ਹੀ ਸਹੀ, ਪਰ ਇਕ ਵਾਰੀ ਕਸੀਸ ਵੱਟ ਕੇ ਇਨ੍ਹਾਂ ਅਣਹੋਣੀਆਂ ਨੂੰ ਵੀ ਹੌਲੀ ਹੌਲੀ ਭੁੱਲ ਜਾਂਦੇ ਹਾਂ ਅਤੇ ਨਵੀਆਂ ਚੁਣੌਤੀਆਂ ਸਵੀਕਾਰ ਕਰ ਕੇ ਵਰਤਮਾਨ ਵਿਚ ਰਹਿਣ ਲਈ ਸਮਝੌਤਾ ਕਰਦੇ ਹਾਂ ।ਸਾਡੇ ਸਾਹਮਣੇ ਕਿੰਨੇ ਵੱਡੇ ਰਾਜਨੀਤਿਕ- ਆਰਥਿਕ ਘੁਟਾਲੇ ਹੁੰਦੇ ਹਨ। ਸਮਾਜ ਜਾਂ ਜਨਤਾ ਇਕ ਵਾਰ ਤਾਂ ਤੜਪ ਉੱਠਦੀ ਹੈ। ਦਿਲ ਦਹਿਲਦੇ ਹਨ, ਧਰਤੀ ਕੰਬਦੀ ਹੈ, ਵਿਰੋਧ ਹੁੰਦਾ ਹੈ, ਮੀਡੀਆ ਵਿਚ ਰੌਲਾ ਪੈਂਦਾ ਹੈ। ਰੋਸ ਰੈਲੀਆਂ ਸੰਘਰਸ਼ ਹੁੰਦੇ ਹਨ। ਜਾਂਚ ਕਮੇਟੀਆਂ ਬੈਠਦੀਆਂ ਹਨ....ਕੁਝ ਸਮੇਂ ਬਾਅਦ ਭੋਲੀ ਭਾਲੀ ਜਨਤਾ ਸਭ ਘੁਟਾਲੇ ਭੁੱਲ ਜਾਂਦੀ ਹੈ ਅਤੇ ਫੇਰ ਆਸ, ਅਤੇ ਵਿਕਾਸ ਵਿਚ ਵਿਸ਼ਵਾਸ ਰੱਖਣ ਲੱਗਦੀ ਹੈ। ਪਹਿਲਾਂ 1947 ਅਤੇ ਫੇਰ 1984 ਵਰਗੇ ਵੱਡੇ ਦੁਖਾਂਤ ਤੋਂ ਬਾਅਦ ਕੀ ਨਹੀਂ ਕੀਤਾ ਅਸੀਂ ???? ਸਭ ਕੁਝ ਆਮ ਵਾਂਗ ਚੱਲ ਰਿਹਾ ਹੈ....।

ਹਾਂ, ਜਿਵੇਂ ਪੁਰੇ ਦੀ ਠੰਢੀ ਹਵਾ ਹੱਡੀਂ ਚੀਸਾਂ ਪਾਉਣ ਦਾ ਕੰਮ ਕਰਦੀ ਹੈ, ਉਸੇ ਤਰਾਂ ਸੰਬੰਧਿਤ ਦਿਨ, ਵਿਅਕਤੀ, ਸੰਬੰਧਿਤ ਘਟਨਾ ਨਾਲ ਮਿਲਦੀ ਘਟਨਾ ਵੀ ਬੀਤੇ ਨੂੰ ਯਾਦ ਕਰਵਾ ਦਿੰਦੀ ਹੈ। ਬਿਲਕੁਲ ਉਸੇ ਤਰਾਂ ਜਿਵੇਂ ਅਸੀਂ ਸੁਪਨੇ ਯਾਦ ਕਰਨ ਲੱਗਦੇ ਹਾਂ ਪਰ ਸੁਪਨਾ ਮਾੜਾ ਹੋਵੇ ਜਾਂ ਡਰਾਉਣਾ, ਚੰਗਾ ਹੋਵੇ ਜਾਂ ਅਨੰਦਮਈ, ਉਸ ਨੂੰ ਯਾਦ ਕਰਕੇ ਆਪਣਾ ਹੁਣ ਗਵਾਉਣਾ ਤਾਂ ਠੀਕ ਨਹੀਂ ਨਾ ....? ਜ਼ਿੰਦਗੀ ਆਪਣੀ ਤੋਰ ਤੁਰਦੀ ਰਹਿੰਦੀ ਹੈ। ਇਹ ਨਾ ਸੋਚਣਾ ਕਿ ਸਿਰਫ ਦੁੱਖਾਂ ਨੂੰ ਭੁੱਲਣ ਕਾਰਨ ਹੀ ਇਸ ਨੂੰ ਦਾਤ ਕਿਹਾ ਹੈ। ਨਹੀਂ, ਸੁੱਖਾਂ ਜਾਂ ਖੁਸ਼ੀਆਂ ਨੂੰ ਭੁੱਲਣਾ ਵੀ ਉਨਾ ਹੀ ਜਰੂਰੀ ਹੈ।



ਬੀਤੇ ਵਿਚ ਮਾਣੇ ਸੁੱਖਾਂ ਦੀ ਯਾਦ ਵਰਤਮਾਨ ਨੂੰ ਖਰਾਬ ਕਰ ਸਕਦੀ ਹੈ ਜੇ ਹੁਣ ਉਤਨੀ ਮਾਤਰਾ ਵਿਚ ਨਹੀਂ ਮਿਲਦੇ। ਕਦੇ ਕਦੇ ਇਹ ਮਾਣੇ ਸੁੱਖ ਅਤੇ ਖੁਸ਼ੀਆਂ ਦਿਮਾਗ ਨੂੰ ਚੜ੍ਹ ਜਾਂਦੀਆਂ ਹਨ ਅਤੇ ਦੂਸਰਿਆਂ ਦੇ ਦੁੱਖਾਂ ਨੂੰ ਅਤੇ ਇਨਸਾਨੀਅਤ ਦੇ ਦਰਦ ਨੂੰ ਸਮਝਣ ਵਿਚ ਰੁਕਾਵਟ ਬਣਨਗੇ ਅਤੇ ਹਉਮੈ ਆਦਿ ਵਿਕਾਰ ਪੈਦਾ ਕਰਕੇ ਪਰਮ ਪਿਤਾ ਪ੍ਰਭੂ ਤੋਂ ਹੋਰ ਦੂਰੀ ਵਧਾਉਣਗੇ। ਇਸ ਲਈ ਇਨ੍ਹਾਂ ਨੂੰ ਭੁੱਲਣਾ ਵੀ ਵਰਦਾਨ ਹੋ ਨਿਬੜਦਾ ਹੈ।

ਲੇਖ ਨੂੰ ਬੰਦ ਕਰਨਾ ਚਾਹਾਂਗਾ ਇਕ ਬੇਨਤੀ ਨਾਲ ਕਿ ਦੂਸਰੇ ਦੇ ਗੁਣਾਂ ਨੂੰ ਉਪਕਾਰਾਂ ਨੂੰ ਅਤੇ ਚੰਗੀ ਸੋਚ ਵਾਲੇ ਨੂੰ ਕਦੀ ਨਾ ਭੁੱਲਣਾ। ਹਾਂ, ਭੁੱਲ ਜਾਓ ਉਨ੍ਹਾਂ ਦੇ ਔਗਣਾਂ ਨੂੰ ਉਨ੍ਹਾਂ ਦੇ ਹਰ ਉਸ ਕਦਮ ਨੂੰ ਜਿਸ ਕਾਰਨ ਤੁਹਾਡੀ ਹਉਮੈ ਨੂੰ ਸੱਟ ਵੱਜੀ ਸੀ ਅਤੇ ਤੁਸੀਂ ਉਨ੍ਹਾਂ ਨੂੰ ਗਲਤ ਕਿਹਾ ਸੀ। ਉਸ ਇਕ ਨੂੰ ਕਦੇ ਵੀ ਨਾ ਭੁੱਲੀਏ ਜਿਹੜਾ ਕਦੇ ਵੀ ਨਹੀਂ ਭੁੱਲਦਾ। ਭੁੱਲਣ ਅੰਦਰ ਸਭ ਕੋ ਅਭੁੱਲ ਗੁਰੂ ਕਰਤਾਰ । ਸਾਰੇ ਗੁਣਾਂ ਦੇ ਮੁਜੱਸਮੇ ਪ੍ਰਭੂ ਨੂੰ ਕਦੇ ਨਾ ਭੁੱਲੋ ।ਹਰ ਔਕੜ ਹਰ ਬੁਰਾਈ ਹਰ ਦੁਖਾਂਤ ਹਰ ਜ਼ੁਲਮ ਹਰ ਵਿਕਾਰ ਭੁੱਲ ਜਾਵੋ। ਨਾ ਦੁਹਰਾਓ ਉਨ੍ਹਾਂ ਨੂੰ। ਆਓ ਅਰਦਾਸ ਕਰੀਏ ਕਿ ਸਾਨੂੰ ਨਾਹ ਵਾਚਕ ਸ਼ਬਦ ਭੁੱਲ ਜਾਣ ਅਤੇ ਉਹ ਸਾਡੇ ਜੀਵਨ ਦਾ ਹਿੱਸਾ ਨਾ ਬਣ ਸਕਣ ।

# ਪਹਿਲੀ ਵਾਰ ਫ਼ਿਲਮ "ਸ਼ਰਾਫਤ" 'ਚ ਨਜ਼ਰ ਆਈ ਧਰਮਿੰਦਰ ਅਤੇ ਹੇਮਾ ਮਾਲਨੀ ਦੀ ਜੋੜੀ



## ਬਾਲੀਵੁੱਡ ਦੀਆਂ ਸਭ ਜੋੜੀਆਂ 'ਚੋਂ ਇਹ ਜੋੜੀ ਸੁਪਰ ਹਿੱਟ ਮੰਨੀ ਗਈ

ਹਿੰਦੀ ਸਿਨੇ ਜਗਤ 'ਚ ਬਹੁਤ ਸਾਰੀਆਂ ਜੋੜੀਆਂ ਨੇ ਸਾਲਾਂ ਤੱਕ ਫਿਲਮੀ ਦਰਸ਼ਕਾਂ ਦੇ ਦਿਲਾਂ 'ਤੇ ਰਾਜ ਕੀਤਾ ਹੈ। ਇਹ ਜੋੜੀਆਂ ਨਾ ਸਿਰਫ਼ ਵੱਡੀਆਂ ਬਲਾਕਬਸਟਰ ਫਿਲਮਾਂ ਵਿੱਚ ਇਕੱਠੇ ਨਜ਼ਰ ਆਈਆਂ, ਸਗੋਂ ਉਹ ਬੇਹੱਦ ਕਾਮਯਾਬ ਵੀ ਸਾਬਤ ਹੋਈਆਂ। ਧਰਮਿੰਦਰ ਅਤੇ ਹੇਮਾ ਮਾਲਨੀ ਦੀ ਜੋੜੀ ਬਾਲੀਵੁੱਡ ਦੀਆਂ ਸਭ ਜੋੜੀਆਂ ਵਿੱਚੋਂ ਸੁਪਰ ਹਿੱਟ ਮੰਨੀ ਜਾਂਦੀ ਹੈ। ਇਸ ਜੋੜੀ ਨੇ ਸਿਰਫ਼ ਫ਼ਿਲਮਾਂ 'ਚ ਹੀ ਪ੍ਰਸਿੱਧੀ ਨਹੀਂ ਹਾਸਿਲ ਕੀਤੀ ਬਲਕਿ ਆਪਣੀ ਨਿੱਜੀ ਜ਼ਿੰਦਗੀ ਵਿੱਚ ਵੀ ਇੱਕ ਮਿਸਾਲ ਕਾਇਮ ਕੀਤੀ। 1970 ਅਤੇ 1980 ਦੇ ਦਹਾਕੇ ਵਿੱਚ ਇਨ੍ਹਾਂ ਦੀ ਜੋੜੀ ਨੇ ਹਿੰਦੀ ਸਿਨੇਮਾ ਨੂੰ ਕਈ ਹਿੱਟ ਫ਼ਿਲਮਾਂ ਦਿੱਤੀਆਂ ਅਤੇ ਦਰਸ਼ਕਾਂ ਦੇ ਦਿਲਾਂ 'ਤੇ ਅਮਿੱਟ ਛਾਪ ਛੱਡੀ।

ਧਰਮਿੰਦਰ, ਜਿਨ੍ਹਾਂ ਨੂੰ ਫ਼ਿਲਮ ਇੰਡਸਟਰੀ 'ਚ "ਹੀ-ਮੈਨ" ਦੇ ਨਾਂ ਨਾਲ ਵੀ ਜਾਣਿਆ ਜਾਂਦਾ ਅਤੇ ਉਹ ਬਾਲੀਵੁੱਡ ਦੇ ਸਭ ਤੋਂ ਵਧ ਪਸੰਦ ਕੀਤੇ ਜਾਣ ਵਾਲੇ ਅਭਿਨੇਤਾਵਾਂ ਵਿੱਚੋਂ ਇੱਕ ਸਨ। ਹੇਮਾ ਮਾਲਨੀ ਨੂੰ "ਡ੍ਰੀਮ ਗਰਲ" ਦਾ ਖ਼ਿਤਾਬ ਮਿਲਿਆ, ਕਿਉਂਕਿ ਉਹਨਾਂ ਦੀ ਸੁੰਦਰਤਾ ਅਤੇ ਅਦਾਕਾਰੀ ਨੇ ਕਈ ਲੋਕਾਂ ਦਾ ਦਿੱਲ ਮੋਹ ਲਿਆ। ਇਹ ਦੋਵੇਂ ਸਿਤਾਰੇ ਪਹਿਲੀ ਵਾਰ 1970 'ਚ ਆਈ ਫ਼ਿਲਮ "ਸ਼ਰਾਫਤ" ਵਿੱਚ ਨਜ਼ਰ ਆਏ। ਦਰਸ਼ਕਾਂ ਵਲੋਂ ਇਨ੍ਹਾਂ ਦੀ ਜੋੜੀ ਨੇ ਬਹੁਤ ਵੱਡੀ ਲੋਕਪ੍ਰੀਯਤਾ, ਇਸ ਫ਼ਿਲਮ ਰਾਹੀਂ ਹਾਸਿਲ ਕੀਤੀ। ਉਸ ਤੋਂ ਬਾਅਦ ਦਰਸ਼ਕਾਂ ਨੇ ਹਮੇਸ਼ਾ ਹੀ ਇਸ ਜੋੜੀ ਦੀ ਫ਼ਿਲਮ ਨੂੰ ਹਿੱਟ ਕੀਤਾ ਅਤੇ ਇਸ ਜੋੜੀ ਨੇ ਵੀ ਦਰਸ਼ਕਾਂ ਦੀ ਝੋਲੀ ਤਕ਼ਰੀਬਨ 30 ਤੋਂ ਵੱਧ ਫਿਲਮਾਂ ਪਾਇਆਂ। ਇਨ੍ਹਾਂ ਦੀ ਜੋੜੀ ਨੇ ਕਈ ਹਿੱਟ ਫ਼ਿਲਮਾਂ ਵਿੱਚ ਇੱਕਠੀਆਂ ਕੰਮ ਕੀਤਾ ਜਿਵੇਂ "ਸਿਤਾ ਔਰ ਗੀਤਾ", "ਤੁਮ ਹਸੀਨ ਮੈਂ ਜਵਾਨ", "ਰਾਜਾ ਜਾਨੀ" ਅਤੇ "ਡ੍ਰੀਮ ਗਰਲ" ਆਦਿ, ਪਰ ਜਦੋਂ ਗੱਲ ਆਉਂਦੀ ਹੈ ਸਭ ਤੋਂ ਵਧੇਰੇ ਸੁਪਰ ਹਿੱਟ ਫ਼ਿਲਮ ਦੀ ਤਾਂ ਉਹ ਹੈ "ਸ਼ੋਲੇ"। ਇਸ ਫ਼ਿਲਮ ਵਿੱਚ ਧਰਮਿੰਦਰ ਨੇ 'ਵੀਰੂ' ਤੇ ਹੇਮਾ ਮਾਲਨੀ ਨੇ 'ਬਸੰਤੀ' ਦਾ ਕਿਰਦਾਰ ਨਿਭਾਇਆ। ਇਨ੍ਹਾਂ ਦੇ ਸ਼ਰਾਰਤੀ ਅਤੇ ਰੋਮਾਂਟਿਕ ਦ੍ਰਿਸ਼ ਲੋਕਾਂ ਨੂੰ ਅੱਜ ਵੀ ਯਾਦ ਹਨ। ਫ਼ਿਲਮ 'ਸ਼ੋਲੇ' ਬਾਲੀਵੁੱਡ ਦੀ ਸਭ ਤੋਂ ਵੱਡੀਆਂ ਕਲਾਸਿਕ ਫ਼ਿਲਮਾਂ ਵਿੱਚੋਂ ਇੱਕ ਹੈ। ਇਸ ਵਿੱਚ ਧਰਮਿੰਦਰ ਅਤੇ ਹੇਮਾ ਮਾਲਨੀ ਦੀ ਜੋੜੀ ਨੇ ਅਦਾਕਾਰੀ ਦੇ ਐਸੇ ਰੰਗ ਭਰੇ ਜੋ ਅੱਜ ਤੱਕ ਵੀ ਫਿੱਕੇ ਨਹੀਂ ਹੋਏ।

ਧਰਮਿੰਦਰ ਅਤੇ ਹੇਮਾ ਮਾਲਨੀ ਦੀ ਜੋੜੀ ਨਿੱਜੀ ਤੌਰ 'ਤੇ ਵੀ ਬਹੁਤ ਮਜ਼ਬੂਤ ਹੈ। ਦੋਵਾਂ ਵਿੱਚ ਪ੍ਰੇਮ ਦੇ ਪ੍ਰਸੰਗ ਉਸ ਵੇਲੇ ਫੁੱਟੇ ਜਦੋਂ ਇਹਨਾਂ ਨੇ ਕਈ ਫ਼ਿਲਮਾਂ ਵਿੱਚ ਇੱਕ ਦੂਜੇ ਨਾਲ ਕੰਮ ਕੀਤਾ। 1980 ਵਿੱਚ ਇਨ੍ਹਾਂ ਦਾ ਵਿਆਹ ਹੋਇਆ, ਜਿਸ ਨੇ ਬਾਲੀਵੁੱਡ ਅਤੇ ਮੀਡੀਆ ਵਿੱਚ ਕਾਫੀ ਹੰਗਾਮਾ ਖੜਾ ਕੀਤਾ। ਕਿਉਂਕਿ ਧਰਮਿੰਦਰ ਪਹਿਲਾਂ ਹੀ ਸ਼ਾਦੀਸ਼ੁਦਾ ਸਨ, ਉਸ ਦੌਰਾਨ ਇਨ੍ਹਾਂ ਦੀ ਪ੍ਰੇਮ ਕਹਾਣੀ ਬਹੁਤ ਜ਼ਿਆਦਾ ਚਰਚਾ 'ਚ ਰਹੀ। ਇਸ ਜੋੜੀ ਦਾ ਸਫ਼ਰ ਸਿਰਫ਼ ਇੱਕ ਰੁਮਾਂਟਿਕ ਜੋੜੀ ਵਜੋਂ ਹੀ ਨਹੀਂ, ਸਗੋਂ ਬਾਲੀਵੁੱਡ ਦੀਆਂ ਕਈ ਮਹੱਤਵਪੂਰਨ ਫ਼ਿਲਮਾਂ ਦਾ ਹਿੱਸਾ ਵੀ ਰਹੀ। ਇਨ੍ਹਾਂ ਦੀ ਕਾਮਯਾਬੀ ਦਾ ਕਾਰਨ ਸਿਰਫ਼ ਉਨ੍ਹਾਂ ਦੀ ਸੁੰਦਰਤਾ ਜਾਂ ਅਭਿਨੇ ਦੀ ਕਲਾ ਹੀ ਨਹੀਂ, ਸਗੋਂ ਦੋਹਾਂ ਦੀ ਮੇਹਨਤ ਵੀ ਰਹੀ। ਹੇਮਾ ਮਾਲਨੀ ਨੇ ਆਪਣੇ ਕੈਰੀਅਰ ਨੂੰ ਬਹੁਤ ਮਜ਼ਬੂਤੀ ਨਾਲ ਚਲਾਇਆ, ਅਦਾਕਾਰੀ ਤੋਂ ਇਲਾਵਾ ਨਿਰਦੇਸ਼ਕਾ, ਨਿਰਮਾਤਾ ਅਤੇ ਸਿਆਸਤਦਾਨ ਬਣੀ। ਉਨ੍ਹਾਂ ਨੇ ਧਰਮਿੰਦਰ ਨਾਲ ਆਪਣੇ ਰਿਸ਼ਤੇ ਨੂੰ ਕਾਫੀ ਪਿਆਰ ਅਤੇ ਮਰਿਆਦਾ ਨਾਲ ਅੱਜ ਵੀ ਸਾਂਭਿਆ ਹੋਇਆ ਹੈ। ਧਰਮਿੰਦਰ ਅਤੇ ਹੇਮਾ ਮਾਲਨੀ ਦੀ ਜੋੜੀ ਨੇ ਆਪਣੇ ਕੈਰੀਅਰ ਅਤੇ ਨਿੱਜੀ ਜੀਵਨ ਵਿੱਚ ਬਹੁਤ ਖ਼ੂਬਸੂਰਤ ਸੰਤੁਲਨ ਬਣਾਇਆ ਹੈ। ਇਹ ਜੋੜੀ ਪ੍ਰੇਰਣਾ ਦਿੰਦੀ ਹੈ ਕਿ ਕੰਮ ਜ਼ਰੂਰੀ ਹੈ, ਪਰ ਆਪਣੇ ਨਿੱਜੀ ਜੀਵਨ ਦੀ ਕਦਰ ਕਰਨੀ ਵੀ ਬਹੁਤ ਜ਼ਰੂਰੀ ਹੈ



ਬਲਦੇਵ ਸਿੰਘ ਬੇਦੀ, ਜਲੰਧਰ

# ਕੜੇ ਦਾ ਭੂਤ



ਗੱਲ ਕੋਈ 2007/2008 ਦੀ ਹੋਵੇਗੀ ਜਦੋਂ ਅਸੀਂ ਸਰਵਸ਼੍ਰੀ ਅਤੇ ਸਾਡੇ ਬਹੁਤ ਹੀ ਸਤਿਕਾਰ ਯੋਗ ਸਰਦਾਰ ਗੋਪਾਲ ਸਿੰਘ ਦਰਦੀ ਸਾਬਕਾ ਡਿਪਟੀ ਡਾਇਰੈਕਟਰ ਲੋਕ ਸੰਪਰਕ ਵਿਭਾਗ ਪੰਜਾਬ ਦੀ ਅਗਵਾਈ ਵਿੱਚ ਸਾਡਾ 20/21 ਜਾਣਿਆ ਦਾ ਜਥਾ ਸ੍ਰੀ ਹਜ਼ੂਰ ਸਾਹਿਬ ਜੀ ਦੇ ਦਰਸ਼ਨਾਂ ਲਈ ਗਿਆ ਸੀ। ਮੈਂ ਅਤੇ ਦਰਦੀ ਸਾਹਿਬ ਤਾਂ ਪਹਿਲਾਂ ਵੀ ਕਈ ਵਾਰ ਸ੍ਰੀ ਹਜ਼ੂਰ ਸਾਹਿਬ ਵਿਖੇ ਜਾ ਕੇ ਆਏ ਸੀ ਪਰ ਜਿਨ੍ਹਾਂ ਨਾਲ ਅਸੀਂ ਹੁਣ ਗਏ ਸੀ ਇਹ ਸਾਰੇ ਨਵੇਂ ਸ਼ਰਧਾਲੂ ਸਨ ਜੋ ਪਹਿਲੀ ਵਾਰ ਦਰਸ਼ਨਾਂ ਲਈ ਜਾ ਰਹੇ ਸਨ ਇੰਨ੍ਹਾਂ ਵਿਚ ਇਕ ਮੇਰਾ ਮਿੱਤਰ ਵੀ ਸੀ ਜਿਸ ਨੇ ਮੈਨੂੰ ਨਾਲ ਜਾਣ ਲਈ ਕਿਹਾ ਹਜ਼ੂਰ ਸਾਹਿਬ ਅਸੀਂ ਕਾਫੀ ਦਿਨ ਲਗਾ ਕੇ ਵਾਪਸ ਆ ਗਏ। ਸਮਾਂ ਲੰਘਦਾ ਗਿਆ ਅਤੇ ਕਈ ਦਿਨਾਂ ਬਾਅਦ ਮੈਨੂੰ ਮੇਰੇ ਦੋਸਤ ਨੇ ਆਪਣੇ ਘਰ ਬੁਲਾਇਆ ਅਤੇ ਮੈਂ ਚਲਾ ਗਿਆ ਮੇਰੇ ਦੋਸਤ ਦੀ ਮਾਂ ਨੇ ਮੈਨੂੰ ਕੋਲ ਬੁਲਾ ਕੇ ਕਿਹਾ ਵੇ ਪੁੱਤ ਇਸ ਦਾ ਧਿਆਨ ਰੱਖੀ ਅਤੇ ਬਾਬਾ ਜੀ ਨੂੰ ਸਾਰੀ ਗੱਲ ਖੁੱਲ੍ਹ ਕੇ ਦੱਸੀ ਮੇਰੇ ਕੁਝ ਪੱਲੇ ਨਾ ਪਿਆ ਅਤੇ ਆਪਣੇ ਮਿੱਤਰ ਨੂੰ ਕਮਰੇ ਵਿਚ ਬੁਲਾ ਕੇ ਪੁੱਛਣ ਦੀ ਕੋਸ਼ਿਸ਼ ਕੀਤੀ ਤਾਂ ਉਸ ਦੀ ਮਾਂ ਥੋੜਾ ਗੁੱਸੇ ਨਾਲ ਬੋਲੀ ਵੇ ਪੁੱਤ ਜਲਦੀ ਜਾਓ ਮੇਰਾ ਬਾਬਾ ਜੀ ਨੂੰ ਫੋਨ ਕੀਤਾ ਹੋਇਆ ਹੈ ਬਾਬਾ ਜੀ ਨੇ ਜੋ ਜੋ ਸਮਾਨ ਮੈਨੂੰ ਲਿਖਵਾਇਆ ਸੀ ਉਹ ਮੈਂ ਸਾਰਾ ਲੈ ਆਈਂ ਆ ਅਤੇ ਝੋਲੇ ਵਿਚ ਪਾ ਦਿੱਤਾ ਹੈ ਇਹ ਝੋਲਾ ਤੁਸੀਂ ਸਿੱਧਾ ਬਾਬਾ ਜੀ ਨੂੰ ਫੜਾਉਣਾ ਅਤੇ ਰਸਤੇ ਵਿਚ ਨਹੀਂ ਖੋਲ੍ਹਣਾ ਮੇਰੇ ਕੁਝ ਪੱਲੇ ਨਹੀਂ ਪਿਆ ਮੈਂ ਆਪਣੇ ਮਿੱਤਰ ਨੂੰ ਘਰੋਂ ਬਾਹਰ ਲਿਜਾ ਕੇ ਸਾਰੀ ਗੱਲ ਪੁਛਣ ਦੀ ਕੋਸ਼ਿਸ਼ ਕੀਤੀ ਅਸੀਂ ਦੋਵੇਂ ਘਰੋਂ ਬਾਹਰ ਆ ਗਏ ਪਿੰਡੋ 5/7 ਕਿਲੋਮੀਟਰ ਦੂਰ ਆ ਕੇ ਮੈ ਉਸ ਤੋਂ ਸਾਰੀ ਗੱਲ ਸੁਣਨ ਲਈ ਮੋਟਰਸਾਈਕਲ ਰੁਕਵਾਇਆ ਪਰ ਉਹ ਕੁਝ ਵੀ ਦੱਸਣ ਨੂੰ ਤਿਆਰ ਨਹੀਂ ਸੀ ਮੇਰੇ ਪੁੱਛਣ ਤੇ ਉਸ ਨੇ ਕਿਹਾ ਕਿ ਬਾਬਾ ਜੀ ਨੇ ਕੁਝ ਵੀ ਦੱਸਣ ਤੋ ਨਾਂ ਕੀਤੀ ਹੋਈ ਹੈ, ਅਤੇ ਮੈਂ ਕਿਹਾ ਜੇਕਰ ਤੂੰ ਨਹੀਂ ਦੱਸਣਾ ਤਾ ਮੈਂ ਤੇਰੇ ਨਾਲ਼ ਨਹੀਂ ਜਾਣਾ ਮੈਂ ਉਸਨੂੰ ਡਰਾਉਣ ਲਈ ਉਥੋਂ ਤੁਰਨ ਦਾ ਬਹਾਨਾ ਕੀਤਾ, ਉਹ ਡਰ ਗਿਆ ਅਤੇ ਕਹਿਣ ਲੱਗਿਆ ਤੂੰ ਕਿਸੇ ਨੂੰ ਦੱਸੀ ਨਾ ਮੈਂ ਦੱਸਦਾ ਹਾਂ, ਪਰ ਬਾਬਾ ਜੀ ਨੇ ਦੱਸਣ ਤੋਂ ਰੋਕਿਆ ਹੋਇਆ ਸੀ ਕਹਿੰਦਾ ਪ੍ਰੇਤ ਤਾਕਤਵਰ ਹੈ ਤੇਰਾ ਨੁਕਸਾਨ ਕਰੇਗਾ ਮੈਂ ਆਪਣੀ ਹਾਸੀ ਮਸਾ ਰੋਕੀ ਤੇ ਮੈਨੂੰ ਉਸਦੀ ਗੱਲ ਸੁਣਨ ਦੀ ਉਤਸੁਕਤਾ ਵਧਣ ਲੱਗੀ ਤੇ ਮੈਂ ਕਿਹਾ ਪਹਿਲਾਂ ਤੂੰ ਆਪਣਾ ਝੋਲਾ ਵਿਖਾ ਪਰ ਉਸਨੇ ਨਾਂ ਕਰ ਦਿੱਤੀ ਅਤੇ ਮੇਰੇ ਵਾਰ ਵਾਰ ਕਹਿਣ ਤੇ ਉਸਨੇ ਆਪਣਾ ਝੋਲਾ ਮੈਨੂੰ ਫੜਾਇਆ ਜਦੋਂ ਮੈਂ ਖੋਲ੍ਹ ਕੇ ਵੇਖਿਆ ਤਾਂ ਉਸ ਵਿੱਚ ਇੱਕ ਤੇਲ ਦੀ ਬੋਤਲ, ਕਿੱਲੋ ਬਦਾਮ, ਦੇਸੀ ਘਿਓ, ਕੱਪੜੇ, ਅਤੇ ਇੱਕ ਡੱਬੀ ਵਿੱਚ ਸੋਨੇ ਦੀ ਛਾਪ, ਤੇ ਹੋਰ ਨਿੱਕ ਸੁੱਕ ਆਦਿ ਨਾਲ ਝੋਲਾ ਭਰਿਆ ਪਿਆ ਸੀ, ਮੈਂ ਕਿਹਾ ਇਹ ਸਭ ਕੁਝ ਬਾਬੇ ਨੂੰ ਦੇਣ ਲਈ ਲਿਆਇਆ ਹੈ ਉਸ ਨੇ ਹਾਂ ਕਰ ਦਿੱਤੀ ਮੇਰੇ ਪੁੱਛਣ 'ਤੇ ਉਸ ਨੇ ਦੱਸਿਆ ਕਿ ਮੇਰੀ ਸੱਜੀ ਬਾਂਹ ਨੂੰ ਪ੍ਰੇਤ ਨੇ ਆਪਣੀ ਜਕੜ ਵਿਚ ਕੀਤਾ ਹੋਇਆ ਹੈ, ਮੇਰੀ ਉੱਚੀ ਉੱਚੀ ਹੱਸੀ ਨਿਕਲ ਗਈ ਤੇ ਮੈਂ ਕਿਹਾ ਸਿਰਫ ਬਾਂਹ ਉਸਨੇ ਆਪਣੀ ਸੱਜੀ ਬਾਂਹ ਦਾ ਬਟਨ ਖੋਲ ਕੇ ਜਦੋਂ ਸਰਟ ਉਪਰ ਕੀਤੀ ਤਾਂ ਮੈਂ ਕਿਹਾ ਕਿ ਹੈ, ਉਸ ਨੇ ਭਰੇ ਮਨ ਨਾਲ ਮੈਨੂੰ ਦੱਸਿਆ ਕਿ ਵੇਖ ਮੇਰੀ ਬਾਂਹ ਦੇ ਸਾਰੇ ਬਾਲ ਪ੍ਰੇਤ ਖਾਂ ਗਿਆ ਇੱਕ ਵਾਰ ਤਾਂ ਮੈਂ ਵੀ ਹਿਲ ਗਿਆ ਇੱਕ ਬਾਂਹ ਉਪਰ ਤਾਂ ਬਾਲ ਹੀ ਬਾਲ ਜਿਹੜੀ ਬਾਂਹ ਉਪਰ ਪ੍ਰੇਤ ਦਾ ਕਬਜ਼ਾ ਸੀ ਉਹ ਬਾਂਹ ਬਿਲਕੁਲ ਘੋਨ ਮੋਨ ਮੈਂ ਕਿਹਾ ਇਹ ਤੈਨੂੰ ਕਿਵੇਂ ਪਤਾ ਲੱਗਾ ਤਾਂ ਉਸ ਨੇ ਦੱਸਿਆ ਜਦੋਂ ਆਪਾ ਸ੍ਰੀ ਹਜ਼ੂਰ ਸਾਹਿਬ ਤੋਂ ਮੁੜੇ ਹਾ ਇਹ ਪ੍ਰੇਤ ਉਸ ਸਮੇਂ ਤੋਂ ਮੇਰੀ ਬਾਂਹ ਤੇ ਕਬਜ਼ਾ ਕਰੀ ਬੈਠਾ ਹੈ, ਬਾਬਾ ਜੀ ਨੇ ਕਿਹਾ ਤੁਸੀਂ ਆ ਸਮਾਨ ਲਿਆਊ ਤੇ 2100/ ਰੂਪੈ ਦੀ ਸੇਵਾ ਦੇ ਜਾਊ ਅਤੇ ਜਿਹੜਾ ਸੱਜੇ ਹੱਥ ਵਿਚ ਕੜਾ ਪਾਇਆ ਇਹ ਵੀ ਦੇ ਜਾਓ ਇਹ ਸਾਰਾ ਕੁਝ ਕੜੇ ਦੇ ਭੂਤ ਕਰਕੇ ਹੋਇਆ। ਕੜੇ ਵਾਲੀ ਗੱਲ ਸੁਣ ਕੇ ਮੇਰੇ ਕੰਨ ਖੜ੍ਹੇ ਹੋ ਗਏ ਜਦੋਂ ਮੈਂ ਕੜੇ ਨੂੰ ਹੱਥ ਲਗਾਇਆ ਤਾਂ ਕੜੇ ਦਾ ਭੂਤ ਮੇਰੀ ਸਮਝ ਵਿੱਚ ਆ ਚੁੱਕਾ ਸੀ, ਇਹ ਕੜਾ ਸ੍ਰੀ ਹਜ਼ੂਰ ਸਾਹਿਬ ਤੋਂ ਲੈ ਕੇ ਉਸ ਨੇ ਆਪਣੀ ਸੱਜੀ ਬਾਂਹ ਵਿਚ ਪਾ ਲਿਆ ਇਹ ਕੜਾ ਇੰਨਾ ਜ਼ਿਆਦਾ ਤਿੱਖਾ ਸੀ ਕਿ ਹੱਥ ਵੀ ਨਹੀਂ ਲੱਗਦਾ ਸੀ ਮੇਰਾ ਮਿੱਤਰ ਜਦੋਂ ਰਾਤ ਨੂੰ ਸੌਂਦਾ ਸੀ ਉਸ ਨੂੰ ਸਿਰ ਨੀਚੇ ਬਾਂਹ ਰੱਖ ਕੇ ਸੌਂਣ ਦੀ ਆਦਤ ਸੀ ਕੜੇ ਨਾਲ ਬਾਂਹ ਘਸ ਘਸ ਕੇ ਉਸ ਦੇ ਸਾਰੇ ਬਾਲ਼ ਝੜ ਗਏ । ਮੇਰੀ ਇੰਨੀ ਕੁ ਮੇਹਨਤ ਨਾਲ ਮੇਰੇ ਦੋਸਤ ਦਾ ਝੋਲਾ ਭਰਿਆ ਸਮਾਨ ਬਚ ਗਿਆ। ਅਸਲੀ ਜ਼ਿੰਦਗੀ ਵਿਚ ਵੀ ਇਹੋ ਜਿਹੀਆਂ ਗੱਲਾਂ ਹੁੰਦੀਆਂ ਹਨ ਇਸ ਤੋਂ ਵੱਧ ਕੁਝ ਨਹੀਂ ਹੁੰਦਾ।

ਹਰਦੇਵ ਗਿੱਲ ਪੱਤੀ ਸੇਖਵਾਂ,
98159-71067

# ਕੀ ਯੁਧਿਸ਼ਟਰ ਵਾਕਿਆ ਹੀ ਧਰਮਰਾਜ ਸੀ?



ਮਹਾਂਭਾਰਤ ਦੇ ਅਨੁਸਾਰ ਕੁੰਤੀ ਨੂੰ ਦੁਰਵਾਸਾ ਰਿਸ਼ੀ ਵੱਲੋਂ ਇੱਕ ਵਰਦਾਨ ਦਿੱਤਾ ਗਿਆ ਸੀ ਕਿ ਉਹ ਕਿਸੇ ਵੀ ਦੇਵਤੇ ਨੂੰ ਬੁਲਾ ਕੇ ਬੱਚਾ ਪੈਦਾ ਕਰ ਸਕਦੀ ਹੈ। ਇਸ ਵਰਦਾਨ ਦੀ ਸੱਚਾਈ ਜਾਣਨ ਦੀ ਉਤਸੁਕਤਾ ਵਿੱਚ ਉਸ ਨੇ ਸੂਰਜ ਨੂੰ ਬੁਲਾ ਲਿਆ ਜਿਸ ਕਾਰਨ ਉਹ ਕੁੰਵਾਰੀ ਹੀ ਕਰਣ ਦੀ ਮਾਂ ਬਣ ਗਈ। ਲੋਕ ਲਾਜ ਅਤੇ ਬਦਨਾਮੀ ਤੋਂ ਬਚਣ ਲਈ ਉਸ ਨੂੰ ਕਰਣ ਦਾ ਤਿਆਗ ਕਰਨਾ ਪਿਆ। ਉਸ ਦਾ ਵਿਆਹ ਹਸਤਿਨਾਪੁਰ ਦੇ ਰਾਜੇ ਪਾਂਡੂ ਨਾਲ ਹੋ ਗਿਆ ਤੇ ਕੁਝ ਸਮੇਂ ਬਾਅਦ ਪਾਂਡੂ ਨੇ ਮਾਦਰੀ ਨਾਲ ਵੀ ਵਿਆਹ ਕਰਵਾ ਲਿਆ। ਅਜੇ ਉਨ੍ਹਾਂ ਦੇ ਕੋਈ ਬੱਚਾ ਪੈਦਾ ਨਹੀਂ ਸੀ ਹੋਇਆ ਕਿ ਪਾਂਡੂ ਸ਼ਿਕਾਰ ਖੇਡਣ ਲਈ ਜੰਗਲ ਵਿੱਚ ਗਿਆ ਜਿੱਥੇ ਉਸ ਨੇ ਹਿਰਨ ਹਿਰਨੀ ਦੇ ਰੂਪ ਵਿੱਚ ਪ੍ਰੇਮ ਕਰ ਰਹੇ ਕਿੰਦਮ ਰਿਸ਼ੀ ਅਤੇ ਉਸ ਦੀ ਪਤਨੀ 'ਤੇ ਤੀਰ ਚਲਾ ਦਿੱਤੇ। ਕਿੰਦਮ ਨੇ ਮਰਦੇ ਹੋਏ ਉਸ ਨੂੰ ਸਰਾਪ ਦੇ ਦਿੱਤਾ ਕਿ ਜਦੋਂ ਵੀ ਉਹ ਕਿਸੇ ਇਸਤਰੀ ਨਾਲ ਸਰੀਰਕ ਸਬੰਧ ਬਣਾਏਗਾ, ਉਸ ਦੀ ਮੌਤ ਹੋ ਜਾਵੇਗੀ।

ਇਸ ਕਾਰਨ ਦੁਖੀ ਹੋ ਕੇ ਪਾਂਡੂ ਹਸਤਿਨਾਪੁਰ ਦਾ ਰਾਜ ਆਪਣੇ ਵੱਡੇ ਭਰਾ ਧ੍ਰਿਤਰਾਸ਼ਟਰ (ਜੋ ਕਿ ਅੰਨ੍ਹਾ ਸੀ) ਨੂੰ ਦੇ ਕੇ ਆਪ ਪਤਨੀਆਂ ਸਮੇਤ ਜੰਗਲ ਨੂੰ ਚਲਾ ਗਿਆ। ਉਥੇ ਕੁੰਤੀ ਨੇ ਉਸ ਨੂੰ ਆਪਣੇ ਵਰਦਾਨ ਬਾਰੇ ਦੱਸਿਆ ਤੇ ਉਸ ਦੀ ਸਹਿਮਤੀ ਨਾਲ ਯਮਰਾਜ ਤੋਂ ਯੁਧਿਸ਼ਟਰ, ਵਾਯੂ ਦੇਵ ਤੋਂ ਭੀਮ ਤੇ ਇੰਦਰ ਤੋਂ ਅਰਜਨ ਦੀ ਪ੍ਰਾਪਤੀ ਕੀਤੀ। ਇਸ ਤੋਂ ਬਾਅਦ ਉਸ ਨੇ ਉਹ ਮੰਤਰ ਮਾਦਰੀ ਨੂੰ ਦੇ ਦਿੱਤਾ ਜਿਸ ਨੇ ਅਸ਼ਵਨੀ ਦੇਵਤਿਆਂ ਤੋਂ ਨਕੁਲ ਅਤੇ ਸਹਿਦੇਵ ਨੂੰ ਜਨਮ ਦਿੱਤਾ। ਕੁਝ ਸਮੇਂ ਬਾਅਦ ਇੱਕ ਦਿਨ ਪਾਂਡੂ ਨੇ ਮਾਦਰੀ ਨਾਲ ਸਬੰਧ ਬਣਾ ਲਏ ਤਾਂ ਉਸ ਦੀ ਮੌਤ ਹੋ ਗਈ। ਮਿਥਿਹਾਸ ਅਨੁਸਾਰ ਯਮਰਾਜ ਨੂੰ ਧਰਮਰਾਜ ਵੀ ਕਿਹਾ ਜਾਂਦਾ ਹੈ ਕਿਉਂਕਿ ਉਹ ਮਰਨ ਤੋਂ ਬਾਅਦ ਹਰੇਕ ਵਿਅਕਤੀ ਦੇ ਚੰਗੇ ਮਾੜੇ ਕੰਮਾਂ ਦੇ ਅਧਾਰ 'ਤੇ ਉਸ ਨੂੰ ਸਵਰਗ ਜਾਂ ਨਰਕ ਵਿੱਚ ਭੇਜਦਾ ਹੈ। ਯੁਧਿਸ਼ਟਰ ਕਿਉਂਕਿ ਧਰਮਰਾਜ ਦਾ ਪੁੱਤਰ ਸੀ ਤੇ ਬਚਪਨ ਤੋਂ ਹੀ ਸੱਚ ਬੋਲਣ ਵਾਲਾ, ਇਨਸਾਫ ਪਸੰਦ ਅਤੇ ਸ਼ਾਂਤ ਸੁਭਾਅ ਦਾ ਸੀ, ਇਸ ਲਈ ਲੋਕਾਂ ਉਸ ਨੂੰ ਧਰਮਰਾਜ ਕਹਿਣਾ ਸ਼ੁਰੂ ਕਰ ਦਿੱਤਾ।

ਪਰ ਕੀ ਯੁਧਿਸ਼ਟਰ ਵਾਕਿਆ ਹੀ ਧਰਮਰਾਜ ਸੀ? ਮਹਾਂਭਾਰਤ ਅਨੁਸਾਰ ਉਸ ਨੇ ਕਈ ਅਜਿਹੇ ਕੰਮ ਕੀਤੇ ਜਿੰਨ੍ਹਾਂ ਦੀ ਧਰਮਰਾਜ ਦੀ ਉਪਾਧੀ ਪ੍ਰਾਪਤ ਵਿਅਕਤੀ ਤੋਂ ਉਮੀਦ ਨਹੀਂ ਕੀਤੀ ਜਾ ਸਕਦੀ। ਉਸ ਦਾ ਸਭ ਤੋਂ ਪਹਿਲਾ ਅਜਿਹਾ ਕੰਮ ਸੀ ਦਰੋਪਦੀ ਨੂੰ ਬਿਨਾਂ ਉਸ ਦੀ ਮਰਜ਼ੀ ਪੁੱਛਿਆਂ ਪੰਜਾਂ ਪਾਂਡਵਾਂ ਦੀ ਪਤਨੀ ਬਣ ਦੇਣਾ। ਕਥਾ ਮੁਤਾਬਕ ਜਦੋਂ ਅਰਜਨ ਦਰੋਪਦੀ ਨੂੰ ਸਵੰਬਰ ਵਿੱਚ ਜਿੱਤ ਕੇ ਭਰਾਵਾਂ ਸਮੇਤ ਘਰ ਪਹੁੰਚਿਆ ਤਾਂ ਉਸ ਨੇ ਕੁੰਤੀ ਨੂੰ ਕਿਹਾ ਕਿ ਮਾਤਾ ਵੇਖ ਮੈਂ ਕੀ ਲੈ ਕੇ ਆਇਆ ਹਾਂ। ਕੁੰਤੀ ਘਰ ਦੇ ਕੰਮਾਂ ਵਿੱਚ ਮਸਰੂਫ ਸੀ ਕਿਉਂਕਿ ਉਸ ਸਮੇਂ ਪਾਂਡਵ ਦੁਰਯੋਧਨ ਵੱਲੋਂ ਉਨ੍ਹਾਂ ਨੂੰ ਲਾਕਸ਼ਾ ਗ੍ਰਹਿ (ਜਲਣਸ਼ੀਲ ਲਾਖ ਨਾਲ ਤਿਆਰ ਕੀਤਾ ਗਿਆ ਘਰ) ਵਿਖੇ ਅੱਗ ਲਗਾ ਕੇ ਸਾੜਨ ਦੀ ਸਾਜ਼ਿਸ਼ ਤੋਂ ਬਚ ਕੇ ਭੇਸ ਬਦਲ ਕੇ ਜੰਗਲਾਂ ਵਿੱਚ ਰਹਿ ਰਹੇ ਸਨ। ਇਸ ਕਾਰਨ ਕੁੰਤੀ ਨੇ ਸੋਚਿਆ ਹੋਵੇਗਾ ਕਿ ਅਰਜਨ ਸ਼ਾਇਦ ਜੰਗਲ ਵਿੱਚੋ ਕੋਈ ਸ਼ਿਕਾਰ ਜਾਂ ਫਲ ਆਦਿ ਲੈ ਕੇ ਆਇਆ ਹੈ। ਉਸ ਨੇ ਬਿਨਾਂ ਵੇਖੇ ਹੀ ਕਹਿ ਦਿੱਤਾ ਕਿ ਸਾਰੇ ਭਰਾ ਆਪਸ ਵਿੱਚ ਵੰਡ ਲਉ। ਉਸ ਵੇਲੇ ਯੁਧਿਸ਼ਟਰ ਜੋ ਕਿ ਦਰੋਪਦੀ ਦਾ ਜੇਠ ਲੱਗਦਾ ਸੀ, ਦਾ ਫਰਜ਼ ਬਣਦਾ ਸੀ ਕਿ ਉਹ ਆਪਣੀ ਮਾਂ ਨੂੰ ਦੱਸਦਾ ਕਿ ਦਰੋਪਦੀ ਕੋਈ ਵਸਤੂ ਨਹੀਂ, ਬਲਕਿ ਅਰਜਨ ਦੀ ਧਰਮ ਪਤਨੀ ਹੈ। ਪਰ ਦਰੋਪਦੀ ਦੀ ਖੂਬਸੂਰਤੀ 'ਤੇ ਮੋਹਿਤ ਹੋ ਜਾਣ ਕਾਰਨ ਉਸ ਨੇ ਅਜਿਹਾ ਕਰਨ ਦੀ ਬਜਾਏ ਕਹਿ ਦਿੱਤਾ ਕਿ ਮਾਤਾ ਜੀ ਦਾ ਹੁਕਮ ਤਾਂ ਮੰਨਣਾ ਹੀ ਪੈਣਾ ਹੈ। ਇਸ ਲਈ ਅੱਜ ਤੋਂ ਇਹ ਪੰਜਾਂ ਭਰਾਵਾਂ ਦੀ ਪਤਨੀ ਹੈ। ਯੁਧਿਸ਼ਟਰ ਦੀ ਇਸ ਹਰਕਤ ਕਾਰਨ ਦਰੋਪਦੀ ਨੂੰ ਕੌਰਵਾਂ ਹੱਥੋਂ ਕਈ ਵਾਰ ਬੇਇੱਜ਼ਤ ਹੋਣਾ ਪਿਆ ਸੀ।

ਦੂਸਰਾ ਉਸ ਨੂੰ ਜੂਆ ਖੇਡਣ ਦੀ ਭੈੜੀ ਆਦਤ ਸੀ ਤੇ ਉਸ ਨੂੰ ਇਹ ਪਤਾ ਸੀ ਕਿ ਉਹ ਸ਼ੁਕਨੀ ਨੂੰ ਜੂਏ ਵਿੱਚ ਕਦੇ ਵੀ ਨਹੀਂ ਹਰਾ ਸਕਦਾ। ਪਰ ਜੂਏ ਦੇ ਭੁੱਸ ਕਾਰਨ ਉਸ ਨੇ ਸ਼ੁਕਨੀ ਦੀ ਵੰਗਾਰ ਸਵੀਕਾਰ ਕਰ ਲਈ ਤੇ ਬਾਜ਼ੀ 'ਤੇ ਬਾਜ਼ੀ ਹਾਰਨ ਲੱਗ ਪਿਆ। ਜਦੋਂ ਉਹ ਆਪਣਾ ਰਾਜ ਪਾਟ ਹਾਰ ਗਿਆ ਤਾਂ ਉਸ ਨੇ ਆਪਣੇ ਆਪ ਸਮੇਤ ਪੰਜਾਂ ਪਾਂਡਵਾਂ ਤੇ ਦਰੋਪਦੀ ਨੂੰ ਵੀ ਦਾਅ 'ਤੇ ਲਗਾ ਦਿੱਤਾ ਤੇ ਉਨ੍ਹਾਂ ਨੂੰ ਵੀ ਹਾਰ ਗਿਆ। ਉਸ ਦੀ ਇਸ ਮਾੜੀ ਹਰਕਤ ਕਾਰਨ ਹੀ ਦੁਸ਼ਾਸ਼ਣ ਨੇ ਭਰੀ ਸਭਾ ਵਿੱਚ ਦਰੋਪਦੀ ਦੀ ਸਾੜੀ ਲਾਹੁਣ ਦੀ ਕੋਸ਼ਿਸ਼ ਕੀਤੀ ਸੀ। ਇਸ ਤੋਂ ਇਲਾਵਾ ਜੂਏ ਦੀਆਂ ਸ਼ਰਤਾਂ ਮੁਤਾਬਕ ਪਾਂਡਵਾਂ ਨੂੰ 12 ਸਾਲ ਦਾ ਬਨਵਾਸ ਅਤੇ ਇੱਕ ਸਾਲ ਦਾ ਅਗਿਆਤਵਾਸ ਵੀ ਭੁਗਤਣਾ ਪਿਆ।

ਤੀਸਰਾ ਕੰਮ ਉਸ ਨੇ ਝੂਠ ਬੋਲਣ ਦਾ ਕੀਤਾ ਸੀ। ਕੁਰਕਸ਼ੇਤਰ ਯੁੱਧ ਦੇ ਦਸਵੇਂ ਦਿਨ ਭੀਸ਼ਮ ਪਿਤਾਮਾ ਦੇ ਜ਼ਖਮੀ ਹੋਣ ਤੋਂ ਬਾਅਦ ਕੌਰਵ ਸੈਨਾ ਦੀ ਕਮਾਨ ਗੁਰੂ ਦਰੋਣਾਚਾਰੀਆ ਨੇ ਸੰਭਾਲ ਲਈ ਸੀ। ਉਸ ਨੇ ਤਿੰਨ ਦਿਨ ਐਨਾ ਭਿਆਨਕ ਯੁੱਧ ਕੀਤਾ ਕਿ ਪਾਂਡਵ ਸੈਨਾ ਦੇ ਅਭਿਮੰਨਿਊ ਸਮੇਤ ਸੈਂਕੜੇ ਯੋਧੇ ਮਾਰੇ ਗਏ। ਉਸ ਵੇਲੇ ਕ੍ਰਿਸ਼ਨ ਨੇ ਸੁਝਾਇਆ ਕਿ ਕਿਸੇ ਤਰਾਂ ਦਰੋਣਾਚਾਰੀਆ ਨੂੰ ਬੇਹਥਿਆਰ ਕੀਤਾ ਜਾਵੇ। ਸਾਰੇ ਜਾਣਦੇ ਸਨ ਕਿ ਦਰੋਣਾਚਾਰੀਆ ਆਪਣੇ ਪੁੱਤਰ ਅਸ਼ਵਥਾਮਾ ਨੂੰ ਜਾਨ ਨਾਲੋਂ ਵੀ ਵੱਧ ਪਿਆਰ ਕਰਦਾ ਹੈ। ਜੇ ਉਸ ਦੀ ਮੌਤ ਦੀ ਝੂਠੀ ਖਬਰ ਦਰੋਣਾਚਾਰੀਆ ਤੱਕ ਪਹੁੰਚਾਈ ਜਾਵੇ ਤਾਂ ਉਹ ਲੜਨਾ ਬੰਦ ਕਰ ਸਕਦਾ ਹੈ। ਇਸ ਲਈ ਸਾਜ਼ਿਸ਼ ਅਧੀਨ ਇੱਕ ਹਾਥੀ ਦਾ ਨਾਮ ਅਸ਼ਵਥਾਮਾ ਰੱਖਿਆ ਗਿਆ ਜਿਸ ਨੂੰ ਭੀਮ ਨੇ ਮਾਰ ਦਿੱਤਾ। ਅਸ਼ਵਥਾਮਾ ਨੂੰ ਮੈਦਾਨੇ ਜੰਗ ਦੇ ਦੂਸਰੇ ਪਾਸੇ ਪਾਂਡਵਾਂ ਦੇ ਕਈ ਯੋਧਿਆਂ ਨੇ ਘੇਰਿਆ ਹੋਇਆ ਸੀ ਤਾਂ ਜੋ ਉਹ ਦਰੋਣਾਚਾਰੀਆ ਕੋਲ ਨਾ ਪਹੁੰਚ ਸਕੇ। ਕ੍ਰਿਸ਼ਨ ਨੂੰ ਪਤਾ ਸੀ ਕਿ ਦਰੋਣਚਾਰੀਆ ਯੁਧਿਸ਼ਟਰ ਤੋਂ ਇਲਾਵਾ ਕਿਸੇ ਹੋਰ 'ਤੇ ਯਕੀਨ ਨਹੀਂ ਕਰੇਗਾ। ਯੁਧਿਸ਼ਟਰ ਨੇ ਪਹਿਲਾਂ ਤਾਂ ਝੂਠ ਬੋਲਣ ਤੋਂ ਇਨਕਾਰ ਕਰ ਦਿੱਤਾ ਪਰ ਫਿਰ ਸਮਝਾਉਣ ਬੁਝਾਉਣ 'ਤੇ ਇਸ ਸਾਜ਼ਿਸ਼ ਵਿੱਚ ਸ਼ਾਮਲ ਹੋ ਗਿਆ। ਜਦੋਂ ਅਸ਼ਵਥਾਮਾ ਦੇ ਮਰਨ ਦੀ ਝੂਠੀ ਖਬਰ ਦਰੋਣਾਚਾਰੀਆ ਕੋਲ ਪਹੁੰਚੀ ਤਾਂ ਉਸ ਨੇ ਯੁਧਿਸ਼ਟਰ ਤੋਂ ਸੱਚਾਈ ਜਾਣਨੀ ਚਾਹੀ। ਯੁਧਿਸ਼ਟਰ ਨੇ ਉੱਚੀ ਅਵਾਜ਼ ਵਿੱਚ ਕਹਿ ਦਿੱਤਾ ਕਿ ਅਸ਼ਵਥਾਮਾ ਮਰ ਗਿਆ ਹੈ ਤੇ ਫਿਰ ਹੌਲੀ ਜਿਹੀ ਕਿਹਾ ਕਿ ਉਹ ਇੱਕ ਹਾਥੀ ਸੀ। ਹਾਥੀ ਵਾਲੇ ਸ਼ਬਦ ਉਸ ਨੇ ਜਾਣ ਬੁੱਝ ਕੇ ਬਹੁਤ ਧੀਮੀ ਅਵਾਜ਼ ਵਿੱਚ ਬੋਲੇ ਤਾਂ ਜੋ ਜੰਗ ਦੇ ਚੀਕ ਚਿਹਾੜੇ ਵਿੱਚ ਦਰੋਣਾਚਾਰੀਆ ਉਨ੍ਹਾਂ ਨੂੰ ਨਾ ਸੁਣ ਸਕੇ। ਇਹ ਸੁਣਦੇ ਸਾਰੇ ਦਰੋਣਾਚਾਰੀਆ ਨੇ ਹਥਿਆਰ ਸੁੱਟ ਦਿੱਤੇ ਤੇ ਧਰਤੀ 'ਤੇ ਚੌਂਕੜੀ ਮਾਰ ਕੇ ਬੈਠ ਗਿਆ। ਇਸ 'ਤੇ ਦਰੋਪਦੀ ਦੇ ਭਰਾ ਧ੍ਰਿਸ਼ਟਦੁਮਨ ਨੇ ਉਸ ਦਾ ਸਿਰ ਵੱਢ ਦਿੱਤਾ ਕਿਉਂਕਿ ਦਰੋਣਾਚਾਰੀਆ ਨੇ ਉਸ ਦੇ ਬਾਪ ਦਰੁਪਦ ਨੂੰ ਕਿਸੇ ਸਮੇਂ ਜੰਗ ਵਿੱਚ ਬੁਰੀ ਤਰਾਂ ਹਰਾਇਆ ਸੀ।



ਬਲਰਾਜ ਸਿੰਘ ਸਿੱਧੂ
ਏ.ਆਈ.ਜੀ.
ਪੰਡੋਰੀ ਸਿੱਧਵਾਂ,
95011-00062

# ਮਾਂ ਬੋਲੀ...

ਮਾਂ ਬੋਲੀ ਦੀਆਂ ਗੱਲਾਂ ਕਰਦੇ,
ਉਂਜ ਤਾਂ ਆਪਾਂ ਥੱਕਦੇ ਨਹੀਂ।
ਪੈਰਾਂ ਹੇਠ ਮਧੋਲ ਕੇ ਰੱਖਤੀ,
ਡਿੱਗੀ ਹੋਈ ਨੂੰ ਚੱਕਦੇ ਨਹੀਂ।

ਹਰ ਬੰਦਾ ਅੰਗਰੇਜ਼ੀ ਦੇ ਵਿੱਚ,
ਕਰਨੀ ਗੱਲ ਹੈ ਚਾਹੁੰਦਾ ਜੀ।
ਟੁੱਟੀ ਭੱਜੀ ਬੋਲ ਕੇ ਵਿੰਹਦਾ,
ਭਾਵੇਂ ਕੁਝ ਨਹੀਂ ਆਉਂਦਾ ਜੀ।

ਫੋਕੇ ਭਾਸ਼ਨ ਮਾਂ ਬੋਲੀ ਲਈ,
ਪਰ ਨਾ ਹੱਕ ਵਿੱਚ ਖੜਦੇ ਜੀ।
ਆਪਣੇ ਬੱਚੇ ਇਹਨਾਂ ਦੇ ਪਰ,
ਇੰਗਲਿਸ਼ ਦੇ ਵਿੱਚ ਪੜ੍ਹਦੇ ਜੀ।
ਕੁੱਲ ਭਾਸ਼ਾ ਨੂੰ ਸਿੱਖ ਲਉ ਭਾਵੇਂ,
ਸਿੱਖਣੀ ਵੀ ਸਾਨੂੰ ਚਾਹੀਦੀ।
ਪਰ ਨਾ ਮਾਰ ਕੇ ਮਾਂ ਨੂੰ ਲੋਕੋ,
ਕਦੇ ਮਾਸੀ ਮਾਂ ਬਣਾਈ ਦੀ।

ਸਭ ਤੋਂ ਪਹਿਲਾਂ ਮਾਂ ਹੈ ਨੇੜੇ,
ਮਗਰੋਂ ਚਾਚੀਆਂ ਤਾਈਆਂ ਜੀ,
ਮਾਂ ਜੇ ਘਰ ਚੋਂ ਬਾਹਰ ਕੱਢਤੀ,
ਫਿੱਟ ਲਾਹਨਤਾਂ ਆਈਆਂ ਜੀ।
ਬਣੋ ਸਿਆਣੇ ਸਾਂਭ ਲਉ ਮਾਂ ਨੂੰ,
ਡੁੱਲ੍ਹੇ ਬੇਰ ਕੁਝ ਹੋਇਆ ਨਹੀਂ।
ਜਿਸ ਦੇਸ਼ ਦੀ ਬੋਲੀ ਮਰ ਗਈ,
ਪੈਰੀਂ ਉਹੋ ਖਲੋਇਆ ਨਹੀਂ।

ਮਾਂ ਬੋਲੀ ਨੂੰ ਪਿਆਰ ਜੋ ਕਰਦੇ,
ਆ ਜਾਉ ਕਸਮਾਂ ਖਾਈਏ ਜੀ।
ਇੰਗਲਿਸ਼ ਦੇ ਨਾਲ ਪੜ੍ਹੋ ਪੰਜਾਬੀ,
ਬੱਚਿਆਂ ਨੂੰ ਸਮਝਾਈਏ ਜੀ।
ਸਭ ਤੋਂ ਪਹਿਲਾਂ ਵਿੱਚ ਪੰਜਾਬੀ,
ਲਿਖਣ ਦੀ ਆਦਤ ਪਾ ਲਈਏ।
ਅੰਗਰੇਜ਼ਾਂ ਨੂੰ ਕਦੋਂ ਆਏ ਪੰਜਾਬੀ,
ਮਨ ਨੂੰ ਇਹ ਸਮਝਾ ਲਈਏ।

ਸ਼ਮਸ਼ੇਰ ਮੱਲ੍ਹੀ ਤਾਂ ਏਹੀ ਕਹਿੰਦਾ,
ਨਾ ਬੋਲੀ ਦਿਲੋਂ ਵਿਸਾਰ ਦੇਈਏ।
ਮਾਂ ਬੋਲੀ ਸਾਡੀ ਮਾਖਿਉਂ ਮਿੱਠੀ,
ਆਉ ਮਹਿਕ ਖਿਲਾਰ ਦੇਈਏ।

ਸ਼ਮਸ਼ੇਰ ਸਿੰਘ ਮੱਲ੍ਹੀ ਪਿੰਡ ਫੂਲ
9056562524

# ਨਾਕਾਮ




ਧਰਮ ਹੋਇਆ ਨਾਕਾਮ ਬਚਿਆ ਹੈ ਕੇਵਲ ਅੰਧ ਵਿਸ਼ਵਾਸ,
ਭਵਿੱਖ ਦੱਸਣ ਵਾਲਿਆਂ ਉੱਤੇ ਟਿਕੀ ਹੈ ਸਿਰਫ਼ ਇੱਕ ਆਸ।
ਹਰ ਵਕਤ ਹੀ ਲੱਭਦੇ ਰਹਿੰਦੇ ਹਾਂ ਬਚਣ ਵਾਲ਼ੇ ਨਵੇਂ ਬਹਾਨੇ,
ਹਮੇਸ਼ਾ ਹੀ ਲਗਾਉਂਦੇ ਰਹੇ ਹਾਂ ਦੂਸਰੇ ਦੇ ਮੋਢੇ ਧਰ ਨਿਸ਼ਾਨੇ।
ਬੁੱਝਣ ਤੋਂ ਹੋ ਗਏ ਹਾਂ ਇਨਕਾਰੀ ਗੁੰਝਲਦਾਰ ਬੁਝਾਰਤਾਂ ਨੂੰ,
ਖਾਲੀ ਵਕਤ ਨੂੰ ਗੁਜ਼ਾਰਦੇ ਹਾਂ ਪਹਿਲ ਦੇ ਕੇ ਸ਼ਰਾਰਤਾਂ ਨੂੰ।
ਕਿਨਾਰਾ ਦੂਰ ਕਰ ਲਿਆ ਅਸਲ ਹਕੀਕਤ ਤੇ ਸੱਚਾਈ ਤੋਂ,
ਕੋਈ ਲਾਹੇਵੰਦ ਲਾਭ ਨਾ ਹੋਇਆ ਵਾਧੂ ਦੀ ਖੱਪ ਮਚਾਈ ਤੋਂ।
ਲੀਹਾਂ ਦੇ ਪਿੱਛੇ ਤੁਰ ਕੇ ਸੀਮਤ ਕਰਿਆ ਦਿਮਾਗੀ ਗਿਆਨ,
'ਦੇਵ' ਝੂਠ ਦੀ ਗਵਾਹੀ ਲਈ ਦੇਈਏ ਨਾ ਕਦੇ ਵੀ ਬਿਆਨ।

ਲੈਕਚਰਾਰ ਦਵਿੰਦਰ ਪਾਲ ਬਾਤਿਸ਼

# ਕਵਿਤਾ -ਹਰ ਕੋਈ

ਅਸੀਂ ਕਦੋਂ ਸਾਂ,ਐਨੇ ਕਦੇ,
ਖ਼ਾਸਮ ਖ਼ਾਸ ਕਿਸੇ ਲਈ,
ਕਿ ਕੋਈ ਜਿੰਦ ਮੇਰੀ ਨੂੰ,
ਆਪਣੀ ਜਾਨ ਸਮਝੇ।

ਹਰ ਕੋਈ ਸਮਝੇ, ਖ਼ੁਦ ਨੂੰ,
ਸਦਾ ਅਕਲਾਂ, ਸ਼ਕਲਾਂ ਵਾਲਾ,
ਤੋੜ੍ਹ ਦਿਲ ਮੇਰਾ, ਕਦੇ ਕੋਈ ਨਾ,
ਖ਼ੁਦ ਨੂੰ, ਨਾਦਾਨ ਸਮਝੇ।

ਮੰਨਿਆ ਕਿ, ਹੋਣੇ ਨੇ,ਪੜ੍ਹੇ ਲਿਖੇ ਤੇ,
ਸੂਝਵਾਨ ਬੜੇ,ਸੁਣ ਸੰਗਰੂਰਵੀ,
ਪਰ ਕਿਉਂ ਉਹ,ਮੁੜ ਮੁੜ ਕੇ,
ਉਹੀ ਗ਼ਲਤੀ, ਨਿੱਤ ਦੁਹਰਾਉਂਦੇ ਨੇ।

ਅਸਾਂ ਤਾਂ ਉਸ ਦਾ, ਦਿਲ ਮੰਗਿਆ ਸੀ,
ਮੰਗੀ ਕਦੇ ਜਾਨ ਨਹੀਂ,
ਪਤਾ ਲੱਗਦੈ ਉਨ੍ਹਾਂ ਦੀਆਂ ਹਰਕਤਾਂ
ਤੋਂ,
ਸਮਝ ਬੇਦਿਲ, ਬੇਜਾਨ, ਸਤਾਉਂਦੇ ਨੇ।

ਸਰਬਜੀਤ ਸੰਗਰੂਰਵੀ
ਪੁਰਾਣੀ ਅਨਾਜ ਮੰਡੀ, ਸੰਗਰੂਰ।
9463162463

ਭਾਗ–11

# ਤਸਵੀਰ ਜ਼ਿੰਦਗੀ ਦੀ...

ਸਵੇਰੇ ਹੀ ਨਾਨਕ ਘਰੋਂ ਪੈਸੇ ਚੁੱਕ ਟਰੈਕਟਰ ਲੈਣ ਚਲਾ ਜਾਂਦਾ ਹੈ।

ਸੀਤੋ, ਚੰਨਣ ਨੂੰ,"ਉਝ ਤਾਂ ਜੀ ਵਧੀਆ ਹੀ ਹੋ ਜਾਵੇਗਾ ਨਾਲੇ ਘਰ ਦਾ ਟਰੈਕਟਰ ਬਣ ਜਾਵੇਗਾ ਤੇ ਫਿਰ ਫਸਲ ਵੇਚ ਕੇ ਟਰਾਲੀ ਵੀ ਬਣਵਾ ਦਿਆਂਗੇ।

" ਤੂੰ ਤਾਂ ਐਵੇਂ ਭੋਲੀਆਂ ਗੱਲਾਂ ਕਰਦੀ ਹੈ, ਆ ਟਰੈਕਟਰ ਆ ਜਾਣ ਦੇ ਪਹਿਲਾਂ ਤਾਂ ਮੰਗਣ ਵਾਲਿਆਂ ਨੇ ਹੀ ਨਹੀਂ ਛੱਡਣਾ, ਜਿਸਨੂੰ ਨਾ ਕਰਤੀ ਉਸੇ ਦਾ ਹੀ ਮੂੰਹ ਵਿੰਗਾ ਹੋ ਜਾਣਾ ਹੈ ਨਾਲੇ ਆਪਣੀ ਹੈ ਕਿੰਨੀ ਵੱਡੀ ਖੇਤੀ ਹੈ..... ਖੜੇ ਖੜੇ ਸਾਧਨ ਦਾ ਮੁੱਲ ਘੱਟਦਾ ਹੀ ਹੈ ਦਿਨੋ ਦਿਨ.....।"

"ਨਾ ਫਿਰ ਹਾਂ ਕਿਉਂ ਕਰ ਦਿੱਤੀ ਸੀ ਨਾਨਕ ਨੂੰ......!"

"ਤੁਸੀਂ ਦੋਵੇਂ ਮਗਰ ਪੈ ਗਏ ਸੀ ਹੋਰ ਕੀ ਕਰਦਾ। "

"ਹੁਣ ਜਦੋਂ ਮੁੰਡਾ ਘਰੇ ਟਰੈਕਟਰ ਲੈਕੇ ਆਇਆ ਨਾ ਐਵੇਂ ਦਿਲ ਤੋੜਣ ਵਾਲੀਆਂ ਗੱਲਾਂ ਨਾ ਕਰਨ ਲੱਗ ਜਾਵੀਂ ਮੁੰਡੇ ਦਾ ਹੌਸਲਾ ਵਧਾਈ...... !"

"ਠੀਕ ਹੈ ਠੀਕ..... ਜੇ ਸਹੀ ਗੱਲ ਦੱਸੋ ਤਾਂ ਮਾੜੀ ਹੀ ਲੱਗਦੀ ਹੈ,ਤੁਹਾਨੂੰ ਦਾਦੀ ਪੋਤੇ ਨੂੰ।"

ਦੁਪਹਿਰ ਵੇਲੇ ਨਾਨਕ ਤੇ ਗੁਰਨਾਮ ਟਰੈਕਟਰ ਤੇ ਸਕੂਟਰ ਲੈ ਕੇ ਆ ਜਾਂਦੇ ਹਨ।

"ਚਾਚਾ ਪਾਰਟੀ ਹੋ ਗਈ ਤੇਰੇ ਸਿਰ,ਤੇਰਾ ਪੋਤਰਾ ਨਵਾਂ ਟਰੈਕਟਰ ਲਿਆਇਆ ਹੈਂ ਬਹੁਤ ਬਹੁਤ ਵਧਾਈਆਂ........ !"

"ਰੱਬ ਤੈਨੂੰ ਵੀ ਵਧਾਵੇ......ਪਹਿਲਾਂ ਤੂੰ ਹੀ ਦੱਸ ਗੁਰਨਾਮ ਕੀ ਖਾਣਾ ਹੈ ... ?ਨਾਲੇ ਅਸੀਂ ਤੇਰੇ ਤੋਂ ਕਿਹੜਾ ਭੱਜੇ ਹਾਂ।"

"ਉਹ ਤਾਂ ਚਾਚਾ ਹੱਸਦੇ ਹਾਂ ਉਧਰ ਵੀ ਤਾਂ ਸਭ ਕੁਝ ਤੇਰਾ ਹੀ ਹੈਂ....... ਚੰਗਾ ਨਾਨਕਾ ਮੈਂ ਚੱਲਦਾ ਹਾਂ ਯਾਰ ਡੰਗਰਾਂ ਨੂੰ ਪੱਠੇ ਵੀ ਪਾਉਣੇ ਹਨ।"

"ਚਾਹ ਤਾਂ ਪੀ ਜਾਹ ਗੁਰਨਾਮ..... !"

"ਨਹੀਂ ਚਾਚੀ ਫੇਰ ਸਹੀ.... ਮੈਂ ਪਹਿਲਾਂ ਹੀ ਲੇਟ ਹਾਂ.....। "ਆਖ ਚਲਾ ਜਾਂਦਾ ਹੈ।

"ਹੁਣ ਕਾਕਾ ਧਿਆਨ ਨਾਲ ਸੁਣ ਲੈ ਐਵੇਂ ਪੈਰ ਨਹੀਂ ਛੱਡਣਾ ,ਇਹ ਪਾਣੀ ਨਾਲ ਨਹੀਂ ਡੀਜਲ ਨਾਲ ਚੱਲਦਾ ਹੈ। ਜਦੋਂ ਲੋੜ ਹੋਵੇ ਉਸ ਸਮੇਂ ਹੀ ਟਰੈਕਟਰ ਬਾਹਰ ਕੱਢਣਾ ਹੈ ਨਹੀਂ ਤਾਂ ਅੰਦਰ ਲਾ ਦੇਣਾ ਹੈ।"

"ਬਿਲਕੁਲ ਠੀਕ ਹੈ ਬਾਪੂ ਮੈ ਤੈਨੂੰ ਜਵਾਂ ਵੀ ਸ਼ਿਕਾਇਤ ਦਾ ਮੌਕਾ ਨਹੀਂ ਦੇਣਾ।"

ਸੀਤੋ ਨਜ਼ਰ ਉਤਾਰਦੀ ਹੈ ਤੇ ਫੇਰ ਨਾਨਕ ਨੂੰ ਸ਼ਗਨ ਵੀ ਦਿੰਦੀ ਹੈ, ਵੀਰਪਾਲ ਵੀ ਸ਼ਗਨ ਦਿੰਦੀ ਹੈ, ਦੋਵੇਂ ਭੈਣਾ ਟਰੈਕਟਰ ਤੇ ਕਾਲਾ ਧਾਗਾ ਬੰਨ੍ਹਦੀਆਂ ਹਨ।

ਸ਼ਹਿਰੋ ਕੁਝ ਖਾਣ ਨੂੰ ਹੀ ਲੈ ਆਉਣਾ ਸੀ..... !"ਸੀਤੋ ਨੇ ਨਾਨਕ ਨੂੰ ਆਖਿਆ।

"ਬਰਫ਼ੀ ਲੈ ਕੇ ਆਇਆ ਹਾਂ ਬਰਫ਼ੀ ਬੇਬੇ ਪਹਿਲਾਂ ਬਾਪੂ ਦਾ ਮੂੰਹ ਮਿੱਠਾ ਕਰਵਾ, ਫੇਰ ਆਪਾਂ ਖਾਵਾਂਗੇ। "

"ਵੀਰਪਾਲ ਤੈਨੂੰ ਵੀ ਬਹੁਤ ਬਹੁਤ ਵਧਾਈਆਂ.... !"

"ਬਾਪੂ ਜੀ ਤੁਸੀਂ ਵੱਡੇ ਹੋ ਪਹਿਲਾਂ ਤੁਹਾਨੂੰ ਹੀ ਹਨ ਜੀ। "



"ਬੇਬੇ ਜੇ ਅੱਜ ਕਿਤੇ ਮੁਰਗੇ ਦੀ ਦਾਲ ਬਣਾਵੇ ਨਾ ਤਾਂ ਨਜ਼ਾਰਾ ਹੀ ਆ ਜਾਵੇ.... !"

"ਨਹੀਂ ਬੇਬੇ ਅਸੀਂ ਤਾਂ ਖਾਂਦੀਆਂ ਨਹੀਂ ਤੂੰ ਪਨੀਰ ਦੀ ਦਾਲ ਬਣਾਈ..... !"ਰਾਣੋ ਤੇ ਪਰੀਤੋ ਜਿੱਦ ਕਰਨ ਲੱਗ ਕਰਨ ਲੱਗ ਜਾਂਦੀਆਂ ਹਨ।

"ਨੀ ਕੁੜੀਉ ਅੱਜ ਖੁਸ਼ੀ ਦਾ ਦਿਨ ਹੈ ਐਵੇਂ ਨਾ ਰੌਲਾ ਪਾਉ....... ਮੈਂ ਦੋਵੇ ਕੁਝ ਹੀ ਬਣਾ ਦੇਣਾ ਹੈ.... ਕਿਉਂ ਵੀਰਪਾਲ ਠੀਕ ਹੈ ਨਾ... !"

"ਜਿਵੇਂ ਤੁਹਾਨੂੰ ਚੰਗਾ ਲੱਗੇ ਬੇਬੇ... ਬਸ ਠੀਕ ਹੈ ,...ਨਾਲੇ ਦੋਵਾਂ ਦੀਆਂ ਹੀ ਮਨਪਸੰਦ ਦਾਲਾਂ ਬਣ ਜਾਣਗੀਆਂ।"

"ਜਾਹ ਫੇਰ ਫੜ ਲਿਆ ਮੁਰਗਾ ਸੋਹਨ ਦੀ ਦੁਕਾਨ ਤੋਂ।"

"ਵੀਰਪਾਲ ਮੈਨੂੰ ਫਿਕਰ ਲੱਗਾ ਰਹਿੰਦਾ ਹੈ..... !"

"ਕਾਹਦਾ ਬਾਪੂ ਜੀ........ !"

" ਮੇਰੇ ਬੈਠੇ –ਬੈਠੇ ਕੁੜੀਆਂ ਦੇ ਹੱਥ ਪੀਲੇ ਹੋ ਜਾਣ ਤੇਰੇ ਸਿਰ ਤੇ ਬੋਝ ਲੱਥ ਜਾਵੇ.....ਮੇਰਾ ਕੋਈ ਭਰੋਸਾ ਨਹੀਂ ਬਿਮਾਰ ਸਰੀਰ ਦਾ...... ! "

" ਕਾਹਤੋ ਬਾਪੂ ਜੀ ਤੁਸੀਂ ਐਹੋ ਜੇਹੀਆਂ ਗੱਲਾਂ ਕਰਦੇ ਹੋ ਤੁਸੀਂ ਤਾਂ ਨਾਨਕ ਦੇ ਨਿਆਣੇ ਵੀ ਖਿਡਾਉਣੇ ਨੇ ਅਜੇ...... !"

"ਅੱਜ ਜੇ ਮੱਘਰ ਹੁੰਦਾ ਨਾ ਤਾਂ ਉਸਦੀ ਖੁਸ਼ੀ ਦਾ ਟਿਕਾਣਾ ਨਹੀਂ ਰਹਿਣਾ ਸੀ . . ... !"

"ਨਾ ਬੇਬੇ ਐਵੇਂ ਨਹੀਂ ਮਨ ਖਰਾਬ ਕਰੀਦਾ ਉਹ ਤਾਂ ਆਪਣੇ ਨਾਲ ਹੀ ਹੈ ਤੇ ਨਾਲ ਹੀ ਰਹੇਗਾ।"

ਸ਼ਾਮ ਵੇਲੇ ਗੁਰਨਾਮ ਆ ਜਾਂਦਾ ਹੈ।

"ਉਏ ਕਿਵੇਂ ਹੈ ਨਾਨਕਾ ਹੁਣ ਤਾਂ ਤੇਰੀ ਪੂਰੀ ਚੜਾਈ ਹੈ ਫੇਰ......ਨਵਾਂ ਟਰੈਕਟਰ... ਨਵਾਂ ਸਕੂਟਰ.... ਹੋਰ ਤਾਂ ਹੋਰ ਕੋਠੀ ਵੀ ਨਵੀਂ ਹੈ ਯਾਰ ਤੇਰੀ... ਕਿਉਂ ਨਾ ਚਾਚਾ ਹੁਣ ਨਾਨਕ ਦਾ ਵਿਆਹ ਕਰ ਦੇਈਏ..... !"ਗੁਰਨਾਮ ਨਾਨਕ ਨੂੰ ਛੇੜਨ ਲੱਗ ਜਾਂਦਾ ਹੈ।

"ਕਾਹਤੋਂ ਤਾਇਆ ਐਵੇਂ ਖਿੱਚੀ ਜਾਂਦਾ ਹੈ ਪਹਿਲਾਂ ਕੁੜੀਆਂ ਦਾ ਵਿਆਹ ਕਰਾਂਗੇ, ਫੇਰ ਸੋਚਾਂਗੇ ਨਾਲੇ ਮੇਰੀ ਉਮਰ ਹੀ ਕੀ ਹੈਂ..... !"

" ਪੁੱਤ ਜਦੋਂ ਮੈਂ ਵੀਹ ਸਾਲਾਂ ਦਾ ਸੀ ਨਾ ਗਗਨ ਨੇ ਜਨਮ ਲੈ ਲਿਆ ਸੀ।"

"ਉਦੋਂ ਜਮਾਨਾ ਹੋਰ ਸੀ।"

" ਸੱਚ ਚਾਚਾ ਭਜਨਾਂ ਗੱਲ ਕਰਦਾ ਸੀ ਨਾਲਦੇ ਪਿੰਡ ਵਾਲੇ ਛਿੰਦਰ ਦਾ ਪਰਿਵਾਰ ਅਮਰੀਕਾ ਤੋ ਆਇਆਂ ਹੈ... ਸੁਣਿਆ ਹੈ ਉਸਦੇ ਦੋਵੇ ਮੁੰਡੇ ਵੀ ਨਾਲ ਆਏ ਹਨ ਵਿਆਹ ਕਰਵਾਉਣ,ਜੇ ਆਖੇ ਤਾਂ ਕੱਲ ਭੇਜਾ ਭਜਨੇ ਨੂੰ।"

"ਭੇਜ ਤਾਂ ਦੇਵੇਗਾ ...ਪਰ ਬਾਹਰਲੇ ਮੁੰਡਿਆਂ ਵਾਲਿਆਂ ਦੇ ਤਾਂ ਮੂੰਹ ਬਾਹਲੇ ਅੱਡੇ ਹੁੰਦੇ ਹਨ। ਉਹ ਵਿਆਹ ਕਰਨ ਨਹੀਂ ਆਉਦੇ ਉਹ ਤਾਂ ਮੁੰਡੇ ਵੇਚਣ ਆਉਂਦੇ ਹਨ। ਆਪਣੀ ਇਨ੍ਹਾਂ ਨਾਲ ਦਾਲ ਨਹੀਂ ਗਲਨੀ........ !"

"ਚਾਚਾ ਆਪਾਂ ਤਾਂ ਗੱਲ ਹੀ ਕਰਨੀ ਹੈਂ ਜੇ ਮੁੱਲਾਂ ਸਬਕ ਨਹੀਂ ਦੇਵੇਗਾ ਤਾਂ ਰੱਖ ਤਾਂ ਨਹੀਂ ਲਵੇਗਾ.... ਜੇ ਨਾ ਚੰਗਾ ਲੱਗਿਆ ਤਾਂ ਮਨ੍ਹਾਂ ਕਰ ਦੇਣਗੇ ..... ਪਹਿਲਾਂ ਹੀ ਨਾ ਨਕਾਰਾਤਮਕ ਸੋਚ ਨਾ ਬਣਾਈ ਰੱਖਿਆ ਕਰ। ਕੀ ਪਤਾ ਗੱਲ ਸਿਰੇ ਹੀ ਲੱਗ ਜਾਵੇ। "

"ਚੱਲ ਕੱਲ੍ਹ ਨੂੰ ਘੱਲ ਦੇਈ ਭਜਨੇ ਨੂੰ ਵੇਖ ਲਵਾਂਗੇ ਗੱਲ ਕਰਕੇ।"

"ਠੀਕ ਹੈ ਚਾਚਾ ਫੇਰ ਮੈਂ ਕੱਲ੍ਹ ਨੂੰ ਘੱਲਦਾ ਹਾਂ। "

"ਤਾਇਆ ਰੋਟੀ ਖਾ ਕੇ ਜਾਵੀਂ.... ਅੱਜ ਮੁਰਗੇ ਦੀ ਦਾਲ ਬਣਾਈ ਹੈ।"

"ਨਹੀਂ ਯਾਰ ਮੈਂ ਤਾਂ ਤੇਰਾ ਸਕੂਟਰ ਮੰਗਣ ਆਇਆ ਸੀ ,ਸਾਡੇ ਵਾਲਾ ਗਗਨ ਲੈ ਕੇ ਗਿਆ ਹੈ ਤੇ ਭੈਣ ਦਾ ਫ਼ੋਨ ਆਇਆ , ਉਹ ਬੱਸ ਰਾਹੀਂ ਪਿੰਡ ਆ ਰਹੀ ਹੈ ਤੇ ਮੈਂ ਅੱਗੋ ਅੱਡੇ ਤੋ ਲੈਣ ਜਾਣਾ ਹੈ।"

" ਲੈ ਜਾ ਤਾਇਆਂ ਕੋਈ ਨਾ ਜੇ ਮੈਨੂੰ ਲੋੜ ਪਈ ਤਾਂ ਮੈਂ ਨਵਾਂ ਬੈਟਰੀ ਵਾਲਾ ਲੈ ਜਾਵਾਂਗਾ।"

"ਚੱਲ ਫੇਰ ਠੀਕ ਹੈ ਮੈਂ ਚੱਲਦਾ ਹਾਂ,ਨਾਲੇ ਚਾਚਾ ਸਵੇਰੇ ਭੇਜਦਾ ਹਾਂ, ਤੇਰੇ ਕੋਲ ....ਹੋ ਸਕਦਾ ਹੈ ਕੋਈ ਗੱਲ ਬਣ ਹੀ ਜਾਵੇ।"

" ਕਾਹਦੀ ਗੱਲ ਬਾਪੂ......ਨਾਲੇ ਕੋਣ ਭਜਨਾ.. ? "

" ਉਹ ਰਿਸ਼ਤੇ ਕਰਵਾਉਂਦਾ ਹੈ... ਉਹਨੇ ਗੁਰਨਾਮ ਨਾਲ ਗੱਲ ਕੀਤੀ ਸੀ । ਨਾਲ ਦੇ ਪਿੰਡ ਵਾਲਾ ਛਿੰਦਰ ਜੋ ਅਮਰੀਕਾ ਰਹਿੰਦਾ ਹੈ, ਆਂਵਦੇ ਮੁੰਡਿਆਂ ਨੂੰ ਵਿਆਹੁਣ ਲਈ ਆਇਆ ਹੋਇਆ ਹੈ, ਗੁਰਨਾਮ ਕਹਿੰਦਾ ਹੈ ,"ਆਪਾਂ ਪਰੀਤੋ ਜਾਂ ਰਾਣੋ ਦੇ ਰਿਸ਼ਤੇ ਦੀ ਗੱਲ ਕਰਕੇ ਵੇਖ ਲੈਂਦੇ ਹਾਂ, ਜੇ ਗੱਲ ਸਿਰੇ ਚੱੜ ਜਾਵੇ ਤਾਂ। "

" ਗੱਲ ਤਾਂ ਸਹੀ ਹੈ..... ਨਾਲੇ ਬਾਪੂ ਪੈਸੇ ਵੀ ਆਪਣੇ ਕੋਲ ਪਏ ਹਨ ,ਜੇ ਗੱਲ ਸਿਰੇ ਲੱਗਦੀ ਦਿਸੀ ਤਾਂ ਆਪਾਂ ਵਿਆਹ ਵੀ ਕਰ ਦੇਵੇਗਾ।"

" ਪੁੱਤ ਪਹਿਲਾਂ ਪਤਾ ਕਰਾਂਗੇ ਕਿਸੇ ਤੋਂ ਫੇਰ ਅੱਗੇ ਗੱਲ ਤੋਰਾਂਗੇ .... ਕੁੜੀ ਦੇਣੀ ਹੈ ਕੋਈ ਗਾਂ ਮੱਝ ਨਹੀਂ ਪੁੱਤ ਬਹੁਤ ਕੁਝ ਸੋਚਣਾ ਪੈਦਾ ਹੈ...... ਐਹੋ ਜਿਹੇ ਕੰਮ ਵਿੱਚ ਕਾਹਲੀ ਨਹੀਂ ਕਰਦੇ। ਨਹੀਂ ਤਾਂ ਸਾਰੀ ਉਮਰ ਨਿਆਣੇ ਵੀ ਔਖੇ ਤੇ ਆਪ ਵੀ।"

"ਚਲੋ ਠੀਕ ਹੈ ਬਾਪੂ ਜੀ ਜਿਵੇਂ ਤੁਸੀਂ ਸਹੀ ਸਮਝੋ।"



ਚੱਲਦਾ......

ਸੰਦੀਪ ਦਿਉੜਾ,
84375-56667



# ਅੰਮ੍ਰਿਤ

ਪਰਮਾਤਮਾ ਦੀ ਜੋਤ ਸਭ ਵਿਚ ਇਕ ਹੈ। ਫਿਰ ਇਕ ਪਾਪੀ ਤੇ ਇਕ ਪੁੰਨੀ ਕਿਉਂ ਇਕ ਸੰਤ ਕਿਉਂ ਤੇ ਦੂਜਾ ਸਾਕਤ ਕਿਉ। ਇਕ ਕੁਕਰਮੀ ਤੇ ਦੂਜਾ ਧਰਮੀ ਕਿਉਂ। ਹਰ ਬੂੰਦ ਵਿਚ ਸਮਰੱਥਾ ਹੈ। ਕੀਮਤੀ ਮੋਤੀ ਬਣਨ ਦੀ ਫੁੱਲ ਤੇ ਫਲ ਦਾ ਰੱਹ ਬਣਨ ਦੀ ਪਰ ਬੂੰਦ ਕੀ ਕਰੇ। ਜਿਹੋ ਜਿਹੀ ਸੰਗਤ ਉਸ ਨੂੰ ਮਿਲੀ ਕੁਝ ਸਮੇਂ ਬਾਅਦ ਉਹ ਬੂੰਦ ਉਹੋ ਜਿਹਾ ਰੂਪ ਧਾਰਣ ਕਰ ਲੈਂਦੀ ਹੈ। ਇਸੇ ਤਰ੍ਹਾਂ ਤੇਰੇ ਅੰਦਰ ਦੀ ਬੂੰਦ ਨਿਰਮਲ ਹੈ ਪਰ ਸੰਸਾਰ ਵਿੱਚ ਜਿਹੀ ਸੰਗਤ ਮਿਲ ਜਾਵੇ ।ਉਹੋ ਜਿਹਾ ਹੀ ਰੂਫ ਬਣ ਜਾਂਦਾ ਹੈ।

ਜਿਸ ਅੰਮ੍ਰਿਤ ਖ਼ਜ਼ਾਨੇ ਨੂੰ ਆਤਮਿਕ ਜੀਵਨ ਨੂੰ ਬਾਹਰੋਂ ਭਾਲਣ ਚੱਲਿਆ ਹੈ। ਆਪਣੇ ਅੰਦਰ ਟਿੱਕਣ ਦੀ ਜਾਚ ਸਿੱਖ ਲੈ। ਉਹ ਅੰਮ੍ਰਿਤ ਦਾ ਖਜ਼ਾਨਾ ਪਰਮਾਤਮਾ ਨੇ ਤੇਰੇ ਅੰਦਰ ਟਿਕਾਇਆ ਹੈ।

ਪਰਮਾਤਮਾ ਸਾਡੇ ਅੰਦਰ ਬੈਠਾ ਹੈ ਤੇ ਇਕ ਬੰਦਾ ਮਾੜਾ ਕਿਉਂ ਸੋਚਦਾ ਹੈ। ਦੂਜਾ ਬੰਦਾ ਭਲਾ ਕਿਉਂ ਹੈ। ਸਾਰਿਆਂ। ਵਿਚ ਉਸ ਦਾ ਟਿਕਾਣਾ ਹੈ ਫਿਰ ਇਹ ਵਖਰੇਵਾਂ ਕਿਉ। ਕੋਈ ਜਪੀ ਹੈ, ਕੋਈ ਤੱਪੀ ਹੈ।

ਕੋਈ ਹੰਸਿਆਰਾ, ਹੈ ਕੋਈ ਕੁਕਰਮੀ ਹੈ ਕੋਈ ਧਰਮੀ ਹੈ। ਹਜ਼ੂਰ ਨੇ ਅਮ੍ਰਿਤ ਬਾਣੀ ਵਿਚ ਮੇਹਰ ਕੀਤੀ ਹੈ। ਇੱਥੇ ਭਾਈ ਗੁਰਦਾਸ ਜੀ ਨੇ ਬਚਨ ਕਿਹਾ ਹੈ ਇਹ ਮਨੋਤ ਹੈ ਕਿ ਬੱਦਲਾਂ ਦੇ ਵਿਚੋਂ ਸੁਆਂਤੀ ਬੂੰਦ ਗਿਰਦੀ ਹੈ। ਉਸ ਬੂੰਦ ਵਿਚ ਬੜੀ ਵੱਡੀ ਸਮਰੱਥਾ ਹੈ।

ਜੇ ਉਹ ਸੁਆਂਤੀ ਬੂੰਦ ਪਾਣੀ ਦੇ ਵਿੱਚ ਡਿੱਗੇ ਪਵੇ। ਪਾਣੀ ਵਿੱਚ ਡਿਗਣ ਨਾਲ ਉਹ ਪਾਣੀ ਰੇਪ ਹੋ ਜਾਏਗੀ। ਉਹ ਹੀ ਸੁਆਂਤੀ ਬੂੰਦ ਕਿਤੇ ਬੱਦਲਾਂ ਵਿਚੋਂ ਨਿਕਲ ਕੇ ਜ਼ਿਮੀਂਦਾਰ ਨੇ ਜ਼ਮੀਨ ਵਾਹੀ। ਹੋਵੇ ਉਸ ਜ਼ਮੀਨ ਦੇ ਵਿਚ ਡਿੱਗ ਪਵੇ ਤਾਂ ਕਹਿੰਦੇ ਹਨ।

ਜਿਸ ਜ਼ਮੀਨ ਦੇ ਵਿਚ ਸੁਆਂਤੀ ਬੂੰਦ ਡਿੱਗਦੁ ਉਸ ਖੇਤ ਦੀ ਫਸਲ ਉਸ ਬਰਿੱਛ ਦੇ ਲੱਗੇ ਹੋਏ ਫਲ ਦੂਜਿਆਂ ਨਾਲੋਂ ਕੁਝ ਵੱਖਰੇ ਹੁੰਦੇ ਹਨ।

ਉਹ ਰੱਸ ਨਾਲ ਵਧੇਰੇ ਭਰਦੇ ਹਨ। ਪਾਣੀ ਵਿਚ ਡਿੱਗੀ ਤਾਂ ਪਾਣੀ ਦਾ ਰੂਪ ਹੋਗੀ।

ਜਦੋਂ ਉਹ ਬੂੰਦ ਧਰਤੀ ਵਿਚ ਡਿੱਗੀ ਤਾਂ ਕਿਤੇ ਫੂਲ ਬਣ ਕੇ ਆ ਗਏ ਕਿਤੇ ਫਲ ਬਣ ਕੇ ਆਏ। ਕਿਤੇ ਉਹੀ ਹਰਿਆਂ ਪੱਤਿਆਂ ਦੀ ਛਾਂ ਬਣ ਕੇ ਆਈ। ਬੂੰਦ ਇਕੋ ਹੈ।

ਉਹੀ ਸੁਆਂਤੀ ਬੂੰਦ ਸਿੱਪੀ ਦੇ ਵਿਚ ਡਿੱਗੀ ਉਸ ਸਿੱਪੀ ਦਾ ਮੂੰਹ ਬੰਦ ਹੋਣਾ ਸ਼ੁਰੂ ਹੋ ਗਿਆ। ਸਿੱਪੀ ਪਾਣੀ ਵਿਚ ਡੁੱਬ ਗਈ ਕੁਝ ਸਮੇਂ ਬਾਅਦ ਉਸੇ ਬੂੰਦ ਨੇ ਕੀਮਤੀ ਮੋਤੀ ਦੇ ਰੂਪ ਵਿਚ ਜਨਮ ਲਿਆ। ਉਸ ਬੂੰਦ ਦੀ ਕੀਮਤ ਲੱਖਾਂ ਦੇ ਹਿਸਾਬ ਨਾਵ ਪੈ ਗਈ। ਬਦਕਿਸਮਤੀ ਨਾਲ ਉਹੀ ਬੂੰਦ ਸੱਪ ਦੇ ਮੂੰਹ ਵਿੱਚ ਡਿੱਗੀ ਤਾਂ ਡਿਗਣ ਤੋਂ ਬਾਅਦ ਜ਼ਹਿਰ ਦਾ ਰੂਪ ਬਣ ਗਏ।

ਸੁਰਜੀਤ ਸਾਰੰਗ, 8130660205

# ਜ਼ਮੀਰ...

ਮਰ ਜਾਏ ਜ਼ਮੀਰ ਜਦੋਂ,
ਮਰ ਜਾਂਦਾ ਬੰਦਾ ਜੀ।

ਮਰੀਆਂ ਜ਼ਮੀਰਾਂ ਵਾਲਾ,
ਆਜੋ ਦੱਸਾਂ ਧੰਦਾ ਜੀ।

ਬਲੈਕੀਆ ਜੋ ਨਸ਼ੇ ਵੇਚੇ,
ਮਰ ਗਈ ਜਮੀਰ ਜੀ।

ਬਾਣਾ ਪਾ ਪਾਖੰਡ ਕਰੇ,
ਸਾਧ ਕੋਈ ਫਕੀਰ ਜੀ।

ਨੇਤਾ ਝੂਠੀ ਲੋਕਾਂ ਵਾਲੀ,
ਕਰੇ ਅਗਵਾਈ ਜੀ।

ਕੱਠੀ ਕਰੇ ਸਹੁੰਆਂ ਖਾ,
ਹਰਾਮ ਦੀ ਕਮਾਈ ਜੀ।

ਔਰਤ ਦੀ ਖੱਟੀ ਖਾਵੇ,
ਜਿਹੜਾ ਕੋਈ ਬੰਦਾ ਜੀ,

ਬੱਚਿਆਂ ਦੇ ਮੂਹਰੇ ਜੋ,
ਚਲਾਵੇ ਘਰੇ ਧੰਦਾ ਜੀ।

ਗਰੀਬ ਵਾਲਾ ਹੱਕ ਖਾਵੇ,
ਬਣ ਸਰਪੰਚ ਬਈ,

ਪਿੰਡ ਦੀ ਗਰਾਂਟ ਖਾਵੇ,
ਸੈਕਟਰੀ ਤੇ ਪੰਚ ਬਈ।

ਧਰਮਾਂ ਦਾ ਮੋਢੀ ਬਣ,
ਕਰਦਾ ਗਦਾਰੀ ਬਈ।

ਆਪਣੇ ਹੀ ਧਰਮਾਂ ਚ,
ਕਰੇ ਹੁਸ਼ਿਆਰੀ ਬਈ।

ਗੁਰੂਘਰ ਮੰਦਰਾਂ ਨੂੰ,
ਲੁੱਟ ਜਿਹੜਾ ਖਾਵੇ ਜੀ।

ਲੋਕਾਂ ਵਿੱਚ ਬੜਾ ਉਹ
ਗਿਆਨੀ ਅਖਵਾਵੇ ਜੀ।

ਬੁੱਢੇ ਮਾਪਿਆਂ ਨੂੰ ਜਿਹੜਾ,
ਕੱਢੇ ਘਰੋਂ ਬਾਹਰ ਜੀ।

ਧਰਮ ਅਸਥਾਨਾਂ ਤੇ,
ਕਹਾਵੇ ਸੇਵਾਦਾਰ ਜੀ।

ਨੂੰਹ ਨਾਲ ਮਾੜਾ ਹੋਵੇ,
ਐਸਾ ਉਹੋ ਸਹੁਰਾ ਜੀ।

ਗੱਲਾਂ ਏਹੇ ਸੱਚੀਆਂ ਤੇ,
ਸੱਚ ਹੁੰਦਾ ਕੌੜਾ ਜੀ।

ਦਾਜ ਪਿੱਛੇ ਨੂੰਹ ਮਾਰੇ,
ਐਸਾ ਬੰਦਾ ਪਾਪੀ ਜੀ।

ਮੱਲ੍ਹੀ ਸ਼ਮਸ਼ੇਰ ਫੂਲ,
ਸੱਚੀ ਗੱਲ ਆਖੀ ਜੀ।

ਸ਼ਮਸ਼ੇਰ ਸਿੰਘ ਮੱਲ੍ਹੀ ਪਿੰਡ ਫੂਲ, 90565 62524



# ਲਹਿੰਦੇ ਪੰਜਾਬ ਦਾ ਚੜ੍ਹਦਾ ਸੂਰਜ ਅਰਸ਼ਦ ਨਦੀਮ



ਪ੍ਰਿੰਸੀਪਲ ਸਰਵਣ ਸਿੰਘ

ਅਰਸ਼ਦ ਨਦੀਮ ਲਹਿੰਦੇ ਪੰਜਾਬ ਦਾ ਮਾਣ ਹੈ ਤੇ ਪਾਕਿਸਤਾਨ ਦੀ ਸ਼ਾਨ। ਨੀਰਜ ਚੋਪੜਾ ਹਰਿਆਣੇ ਦਾ ਮਾਣ ਤੇ ਭਾਰਤ ਦੀ ਸ਼ਾਨ ਹੈ। ਦੋਹੇਂ ਦੋਸਤ ਹਨ ਤੇ ਦੁਨੀਆ ਦੇ ਸਭ ਤੋਂ ਤਕੜੇ ਜੈਵਲਿਨ ਥਰੋਅਰ। ਉਨ੍ਹਾਂ ਦੀਆਂ ਗੁਆਂਢੀ ਮੁਲਕਾਂ 'ਚ ਵਸਦੀਆਂ ਹਿੰਦੂ/ਮੁਸਲਮਾਨ ਮਾਵਾਂ ਵੀ ਦੋਹਾਂ ਨੂੰ ਆਪਣੇ ਇਕੋ ਜਿਹੇ ਪੁੱਤਰ ਸਮਝਦੀਆਂ ਹਨ। ਉਹ ਦੋਹਾਂ ਦੀ ਜਿੱਤ ਲਈ ਆਪਣੇ ਅੱਲਾ ਤੇ ਪ੍ਰਭੂ ਤੋਂ ਦੁਆਵਾਂ ਮੰਗਦੀਆਂ ਹਨ। ਨੀਰਜ ਤੇ ਨਦੀਮ ਵੀ ਮੁਕਾਬਲੇ ਤੋਂ ਪਹਿਲਾਂ ਇਕ ਦੂਜੇ ਨੂੰ ਸ਼ੁਭ ਇੱਛਾਵਾਂ ਦਿੰਦੇ ਹਨ। ਪਰ ਸਿਆਸਤ ਦੀ ਮਾਰ ਐਸੀ ਪੈ ਰਹੀ ਹੈ ਕਿ ਸਿਆਸਤਦਾਨਾਂ ਨੇ ਵੋਟਾਂ ਵੰਡਣ/ਵਟੋਰਨ ਲਈ 'ਆਪਣਿਆਂ' ਵਿਚਕਾਰ ਵੰਡੀਆਂ ਪਾ ਰੱਖੀਆਂ ਹਨ। ਖਿਡਾਰੀ ਦੇਖੋ ਦੋਸਤੀਆਂ ਪਾਲ ਰਹੇ ਹਨ ਤੇ ਉਨ੍ਹਾਂ ਦੀਆਂ ਮਾਵਾਂ ਪਿਆਰ ਵੰਡ ਰਹੀਆਂ ਹਨ। ਪਰ ਦੋਹਾਂ ਦੇਸ਼ਾਂ ਨੂੰ ਹਾਕਮ ਹੀ ਅਜਿਹੇ ਟੱਕਰਦੇ ਆ ਰਹੇ ਹਨ ਜੋ ਆਪਸੀ ਪਿਆਰ ਵਧਾਉਣ ਦੀ ਥਾਂ ਨਫਰਤਾਂ ਪਾਲ ਰਹੇ ਹਨ। ਟੋਕੀਓ ਓਲੰਪਿਕ 2021 'ਚ ਭਾਰਤ ਦੇ ਨੀਰਜ ਨੇ ਜੈਵਲਿਨ ਥਰੋਅ ਦਾ ਗੋਲਡ ਮੈਡਲ ਜਿੱਤਿਆ ਸੀ। ਉਥੇ ਨਦੀਮ ਪੰਜਵੀਂ ਥਾਂ ਰਿਹਾ ਸੀ। ਪਹਿਲਾਂ ਵੀ ਕਦੇ ਨਦੀਮ ਜਿੱਤ ਜਾਂਦਾ ਸੀ, ਕਦੇ ਨੀਰਜ। ਪੈਰਿਸ ਓਲੰਪਿਕ 2024 'ਚ ਨਦੀਮ ਗੋਲਡ ਮੈਡਲ ਜਿੱਤਿਆ ਤੇ ਨੀਰਜ ਸਿਲਵਰ। ਉਥੇ ਦੋਹਾਂ ਨੇ ਆਪੋ ਆਪਣੇ ਕੈਰੀਅਰ ਦਾ ਬਿਹਤਰੀਨ ਪ੍ਰਦਰਸ਼ਨ ਕੀਤਾ। ਨਦੀਮ ਜੈਵਲਿਨ ਦਾ ਨਵਾਂ ਓਲੰਪਿਕ ਚੈਂਪੀਅਨ ਬਣ ਕੇ ਨਵਾਂ ਰਿਕਾਰਡ ਵੀ ਕਰ ਗਿਆ। ਪੈਰਿਸ ਵਿਚ ਉਸ ਨੇ 92.97 ਮੀਟਰ ਯਾਨੀ 305.02 ਫੁੱਟ ਦੂਰ ਨੇਜ਼ਾ ਸੁੱਟਿਆ। ਉਦੋਂ ਓਲੰਪਿਕ ਰਿਕਾਰਡ 90.57 ਮੀਟਰ ਸੀ। ਨਦੀਮ ਦਾ ਪਰਿਵਾਰਕ ਪਿਛੋਕੜ ਵੇਖੀਏ ਤਾਂ ਉਹ ਗੋਦੜੀ ਦਾ ਲਾਲ ਹੈ। ਅਰਸ਼ਦ ਹੋਰੀਂ ਅੱਠ ਭੈਣ ਭਰਾ ਹਨ ਜਿਨ੍ਹਾਂ 'ਚ ਉਹ ਤੀਜੇ ਥਾਂ ਜੰਮਿਆ। ਉਨ੍ਹਾਂ ਦਾ ਜੱਦੀ ਕਿੱਤਾ ਖੇਤੀਬਾੜੀ ਸੀ। ਪਰ ਉਸ ਦੇ ਵਾਲਦ ਨੂੰ ਸਾਰੀ ਉਮਰ ਰਾਜਗੀਰੀ ਕਰਨੀ ਪਈ। ਮਿਹਨਤ ਮਜ਼ਦੂਰੀ ਕਰਦੇ ਤੇ ਤੰਗੀਆਂ ਤੁਰਸ਼ੀਆਂ ਨਾਲ ਘੁਲਦੇ ਵੱਡੇ ਪਰਿਵਾਰ ਵਿਚ ਨਦੀਮ ਅਣਗੌਲੇ ਬਾਲਕ ਵਾਂਗ ਪਲਿਆ। ਉਸ ਨੂੰ ਖੇਡਾਂ ਦਾ ਸ਼ੌਕ ਤਾਂ ਸੀ ਪਰ ਸਹੂਲਤਾਂ ਨਹੀਂ ਸਨ। ਕਦੇ ਕ੍ਰਿਕਟ ਖੇਡਦਾ, ਕਦੇ ਦੌੜਾਂ ਤੇ ਛਾਲਾਂ ਲਾਉਂਦਾ ਤੇ ਕਦੇ ਗੋਲਾ ਡਿਸਕਸ ਸੁੱਟਣ ਲੱਗਦਾ। ਆਖਿਰ ਜੈਵਲਿਨ ਸੁੱਟਣ ਲੱਗ ਪਿਆ। ਅਸਲੀ ਜੈਵਲਿਨ ਨਾ ਮਿਲਿਆ ਤਾਂ ਰੁੱਖਾਂ ਦੀਆਂ ਟਾਹਣੀਆਂ ਜੈਵਲਿਨ ਬਣਾ ਕੇ ਸੁੱਟਦਾ। ਨੰਗੇ ਪੈਰੀਂ ਦੌੜਦਿਆਂ ਖੇਤਾਂ 'ਚ ਕਰਚੇ ਵੱਜਦੇ। ਪੈਰਾਂ 'ਤੇ ਪੱਟੀਆਂ ਬੰਨ੍ਹਦਾ। ਡੰਡ ਕੱਢਦਾ, ਬੈਠਕਾਂ ਮਾਰਦਾ ਤੇ ਦੇਸੀ ਭਾਰ ਦਾ ਜੁਗਾੜ ਜੋੜ ਕੇ ਵੇਟ ਟ੍ਰੇਨਿੰਗ ਕਰਦਾ। ਮਿਹਨਤ ਰੰਗ ਲਿਆਈ ਤਾਂ ਸਕੂਲੀ ਜਿੱਤਾਂ ਤੋਂ ਅੱਗੇ ਵੱਧਦਾ ਓਲੰਪਿਕ ਖੇਡਾਂ ਦੇ ਵਿਕਟਰੀ ਸਟੈਂਡ 'ਤੇ ਜਾ ਚੜ੍ਹਿਆ। ਸਾਧਾਰਨ ਘਰ ਤੇ ਪਰਿਵਾਰ ਨੂੰ ਰੰਗ ਭਾਗ ਲੱਗ ਗਏ। ਉਸ ਦਾ ਰੰਗ ਕਣਨਵੰਨਾ ਹੈ, ਕੱਦ 6 ਫੁੱਟ 4 ਇੰਚ ਤੇ ਭਾਰ 95 ਕਿਲੋਗਰਾਮ। ਭਰਵੱਟੇ ਸੰਘਣੇ, ਠੋਡੀ 'ਚ ਟੋਆ, ਅੱਖਾਂ ਮਸਤ ਤੇ ਬੁੱਲ੍ਹ ਰਤਾ ਮੋਟੇ। ਹੱਸਦਾ ਹੈ ਤਾਂ ਦੰਦਾਂ ਦੀਆਂ ਪਾਲਾਂ ਲਿਸ਼ਕਾਂ ਮਾਰਦੀਆਂ ਹਨ। ਉਹ ਕਾਮਨਵੈਲਥ ਖੇਡਾਂ ਦਾ ਵੀ ਚੈਂਪੀਅਨ ਹੈ ਤੇ ਓਲੰਪਿਕ ਖੇਡਾਂ ਦਾ ਵੀ। ਇਨ੍ਹਾਂ ਦੇ ਜੈਵਲਿਨ ਸੁੱਟਣ ਦੇ ਰਿਕਾਰਡ ਵੀ ਉਸੇ ਦੇ ਨਾਂ ਹਨ।

ਅਰਸ਼ਦ ਦਾ ਜਨਮ ਜ਼ਿਲ੍ਹਾ ਖਾਨੇਵਾਲ ਦੀ ਤਸੀਲ ਮੀਆਂ ਚੰਨੂੰ ਨਾਲ ਲੱਗਦੇ ਪਿੰਡ 'ਚ ਮੁਹੰਮਦ ਅਸ਼ਰਫ ਦੇ ਘਰ ਰਜ਼ੀਆ ਪਰਵੀਨ ਦੀ ਕੁੱਖੋਂ 2 ਜਨਵਰੀ 1997 ਨੂੰ ਹੋਇਆ ਸੀ। ਪਿੰਡ ਦਾ ਨਾਂ ਸੂਫੀ ਬਾਬਾ ਮੀਆਂ ਚੰਨੂੰ ਦੇ ਨਾਂ 'ਤੇ ਰੱਖਿਆ ਗਿਆ ਸੀ ਜਿਸ ਦੀ ਕਬਰ ਵੀ ਉਥੇ ਹੀ ਹੈ। ਅੰਗਰੇਜ਼ਾਂ ਦੇ ਰਾਜ ਵੇਲੇ ਪਿੰਡ ਦਾ ਨਾਂ ਬਦਲਣ ਦੀ ਕੋਸ਼ਿਸ਼ ਹੋਈ ਪਰ ਨਾਂ ਬਦਲਿਆ ਨਾ ਜਾ ਸਕਿਆ। ਇਹ ਪਿੰਡ ਮੁਲਤਾਨ ਦੇ ਇਲਾਕੇ 'ਚ ਇਸਲਾਮ ਦਾ ਪੁਰਾਣਾ ਗੜ੍ਹ ਹੈ। 1938 ਤਕ ਇਹ ਪਿੰਡ ਹੀ ਕਿਹਾ ਜਾਂਦਾ ਸੀ ਬਾਅਦ ਵਿਚ ਕਸਬਾ ਤੇ ਤਹਿਸੀਲ ਬਣ ਗਿਆ। 1975 ਵਿਚ ਇਸ ਦੀ ਮਿਊਂਸਪਲ ਕਮੇਟੀ ਬਣੀ। ਇਹ ਜੀ.ਟੀ. ਰੋਡ ਮੁਲਤਾਨ 'ਤੇ ਲਾਹੌਰ ਤੋਂ 250 ਕਿਲੋਮੀਟਰ ਦੂਰ ਹੈ। ਪਹਿਲਾਂ ਇਹ ਮੁਲਤਾਨ ਜ਼ਿਲ੍ਹੇ 'ਚ ਸੀ, 1985 ਤੋਂ ਜ਼ਿਲ੍ਹਾ ਖਾਨੇਵਾਲ ਦੀ ਤਸੀਲ ਬਣ ਗਿਆ। 2017 ਵਿਚ ਇਸ ਦੀ ਆਬਾਦੀ 90130 ਸੀ। ਕਰਾਚੀ ਇਥੋਂ 1050 ਕਿਲੋਮੀਟਰ ਦੂਰ ਹੈ। ਇਥੇ ਫਸਲਾਂ ਤਾਂ ਬਹੁਤ ਹੁੰਦੀਆਂ ਹਨ ਪਰ ਕਣਕ, ਕਪਾਹ ਤੇ ਅੰਬਾਂ ਦੀ ਸਰਦਾਰੀ ਹੈ। 'ਖੁਸ਼ੀ ਬਰਫੀ' ਇਥੋਂ ਦੀ ਖਾਸ ਮਠਿਆਈ ਹੈ।

ਅਰਸ਼ਦ ਮਿਹਨਤ ਮਜ਼ਦੂਰੀ ਕਰਨ ਵਾਲੇ ਪਰਿਵਾਰ ਦਾ ਜੰਮਪਲ ਹੋਣ ਕਰਕੇ ਬਚਪਨ ਤੋਂ ਹੀ ਮਿਹਨਤੀ ਤੇ ਪਰਿਵਾਰ 'ਚ ਰਲੌਟਾ ਸੀ। ਉਹ ਅੱਲਾ ਦੀ ਰਜ਼ਾ 'ਚ ਰਹਿਣ ਵਾਲਾ ਨੌਜੁਆਨ ਹੈ। ਆਪਣੀਆਂ ਜਿੱਤਾਂ ਪਿੱਛੋਂ ਧਰਤੀ ਮਾਂ ਨੂੰ ਮੱਥਾ ਟੇਕਦਾ ਤੇ ਗੋਡਿਆਂ ਭਾਰ ਹੋ ਕੇ ਅੱਲਾ ਦਾ ਸ਼ੁਕਰ ਕਰਦਾ ਹੈ। ਅਜਿਹਾ ਉਸ ਨੇ ਪੈਰਿਸ ਦੀਆਂ ਓਲੰਪਿਕ ਖੇਡਾਂ ਵਿਚ ਵੀ ਕੀਤਾ। ਉਹ ਪਹਿਲਾ ਪਾਕਿਸਤਾਨੀ ਹੈ ਜੋ ਓਲੰਪਿਕ ਦੀਆਂ ਅਥਲੈਟਿਕ ਖੇਡਾਂ 'ਚੋਂ ਪਾਕਿਸਤਾਨ ਲਈ ਮੈਡਲ ਜਿੱਤ ਸਕਿਆ। ਪੈਰਿਸ ਓਲੰਪਿਕ ਤੋਂ ਪਹਿਲਾਂ ਪਾਕਿਸਤਾਨ ਨੇ ਕੇਵਲ ਤਿੰਨ ਗੋਲਡ ਮੈਡਲ ਜਿੱਤੇ ਸਨ ਜੋ 1960, 68, 84 ਦੀਆਂ ਓਲੰਪਿਕ ਖੇਡਾਂ 'ਚੋਂ ਹਾਕੀ ਦੇ ਸਨ। 1992 ਦੀਆਂ ਓਲੰਪਿਕ ਖੇਡਾਂ ਦੇ ਬਰਾਂਜ਼ ਮੈਡਲ ਤੋਂ ਬਾਅਦ ਪਾਕਿਸਤਾਨ ਦਾ ਕੋਈ ਖਿਡਾਰੀ ਕਦੇ ਵੀ ਕਈ ਮੈਡਲ ਨਹੀਂ ਸੀ ਜਿੱਤ ਸਕਿਆ। 32 ਸਾਲਾਂ ਦੀ ਔੜ ਨਦੀਮ ਦੇ ਗੋਲਡ ਮੈਡਲ ਨਾਲ ਟੁੱਟੀ। ਨਦੀਮ ਦੀਆਂ ਪ੍ਰਾਪਤੀਆਂ ਵਿਚ ਦੋ ਵਾਰ ਓਲੰਪਿਕ ਖੇਡਾਂ 'ਚ ਭਾਗ ਲੈਣਾ, ਇਕ ਵਾਰ ਪੰਜਵਾਂ ਸਥਾਨ ਲੈਣਾ, ਦੂਜੀ ਵਾਰ ਸੋਨ ਤਗ਼ਮਾ ਜਿੱਤਣਾ, ਨਵਾਂ ਓਲੰਪਿਕ ਰਿਕਾਰਡ ਰੱਖਣਾ, 2022 ਦੀਆਂ ਕਾਮਨਵੈਲਥ ਖੇਡਾਂ 'ਚ ਗੋਲਡ ਮੈਡਲ ਜਿੱਤਦਿਆਂ 90.18 ਮੀਟਰ ਦਾ ਨਵਾਂ ਰਿਕਾਰਡ ਕਰਨਾ, 2023 ਦੀ ਵਿਸ਼ਵ ਅਥਲੈਟਿਕ ਚੈਂਪੀਅਨਸ਼ਿਪ ਵਿਚ ਪਹਿਲੀ ਵਾਰ ਕਿਸੇ ਪਾਕਿਸਤਾਨੀ ਅਥਲੀਟ ਦਾ ਪੁੱਜਣਾ ਤੇ ਸਿਲਵਰ ਮੈਡਲ ਜਿੱਤਣਾ ਹਨ। ਉਹ ਪਹਿਲਾ ਦੱਖਣੀ ਏਸ਼ਿਆਈ ਅਥਲੀਟ ਹੈ ਜਿਸ ਨੇ 90 ਮੀਟਰ ਤੋਂ ਪਾਰ ਨੇਜ਼ਾ ਸੁੱਟਿਆ। ਨੌਕਰੀ ਉਸ ਨੂੰ ਮਸੀਂ ਮਿਲੀ ਸੀ। ਹੁਣ ਉਹ 'ਵਾਪਡਾ' ਵਿਚ ਕਲਾਸ ਵਨ ਅਫਸਰ ਵਜੋਂ ਸਰਵਿਸ ਕਰਦਾ ਤੇ ਲਾਹੌਰ ਰਹਿੰਦਾ ਹੈ। ਉਹ ਸੱਤਵੀਂ 'ਚ ਪੜ੍ਹਦਿਆਂ ਕ੍ਰਿਕਟ, ਫੁੱਟਬਾਲ ਤੇ ਬੈਡਮਿੰਟਨ ਖੇਡਣ ਲੱਗਾ ਸੀ। ਗੋਲਾ ਤੇ ਡਿਸਕਸ ਵੀ ਸੁੱਟ ਲੈਂਦਾ ਸੀ। ਸਕੂਲ 'ਚ ਉਹ ਸਬੱਬੀਂ ਰਸ਼ੀਦ ਅਹਿਮਦ ਸਾਕੀ ਦੀ ਨਜ਼ਰੇ ਚੜ੍ਹ ਗਿਆ ਜਿਸ ਨੇ ਉਸ ਨੂੰ ਜੈਵਲਿਨ ਸੁੱਟਣ ਲਾ ਲਿਆ। ਪੰਜਾਬ ਯੂਥ ਫੈਸਟੀਵਲ ਵਿਚ ਉਹ ਗੋਲਡ ਮੈਡਲ ਜਿੱਤਿਆ ਤਾਂ ਉਸ ਦਾ ਹੌਂਸਲਾ ਵਧ ਗਿਆ। ਉਹ ਆਰਮੀ, ਏਅਰ ਫੋਰਸ ਤੇ ਵਾਪਡਾ ਦੀਆਂ ਨਜ਼ਰਾਂ 'ਚ ਆ ਗਿਆ ਤੇ ਸਿਫਾਰਸ਼ ਨਾਲ ਵਾਪਡਾ ਦਾ ਕਰਮਚਾਰੀ ਬਣ ਗਿਆ। ਇਹ ਗੱਲ 2015 ਦੀ ਹੈ। ਫਿਰ ਉਸ ਦਾ ਵਿਆਹ ਵੀ ਹੋ ਗਿਆ ਹੁਣ ਉਸ ਦੇ ਇਕ ਧੀ ਤੇ ਪੁੱਤ ਹੈ।



2015 ਵਿਚ ਉਸ ਨੂੰ 'ਵਰਲਡ ਅਥਲੈਟਿਕਸ' ਵੱਲੋਂ ਵਜ਼ੀਫ਼ਾ ਮਿਲਿਆ ਜਿਸ ਨਾਲ ਹਾਈ ਪਰਫਾਰਮੈਂਸ ਟ੍ਰੇਨਿੰਗ ਸੈਂਟਰ ਮੌਰੀਸ਼ੀਅਸ ਵਿਚ ਸਿਖਲਾਈ ਮਿਲ ਗਈ। ਫਿਰ ਉਸ ਨੇ ਫਰਵਰੀ 2016 'ਚ ਗੁਹਾਟੀ 'ਚ ਹੋਈਆਂ ਸਾਊਥ ਏਸ਼ੀਅਨ ਖੇਡਾਂ ਵਿਚ ਭਾਗ ਲਿਆ ਜਿਥੇ 78.33 ਮੀਟਰ ਦੂਰ ਜੈਵਲਿਨ ਸੁੱਟ ਕੇ ਕਾਂਸੀ ਦਾ ਤਗ਼ਮਾ ਜਿੱਤਿਆ। ਜੂਨ 2016 'ਚ ਹੋ ਚੀ ਮਿਨ੍ਹ ਵਿਖੇ ਹੋਈ ਏਸ਼ੀਅਨ ਜੂਨੀਅਰ ਅਥਲੈਟਿਕ ਚੈਂਪੀਅਨਸ਼ਿਪ 'ਚ ਵੀ ਬਰਾਂਜ਼ ਮੈਡਲ ਜਿੱਤਿਆ। ਮਈ 2017 'ਚ ਬਾਕੂ ਦੀਆਂ ਇਸਲਾਮਿਕ ਸੌਲੀਡੈਰਟੀ ਖੇਡਾਂ ਤੇ ਗੋਲਡ ਕੋਸਟ, ਆਸਟਰੇਲੀਆ ਦੀਆਂ ਕਾਮਨਵੈਲਥ ਖੇਡਾਂ ਵਿਚ ਚੰਗੀ ਕਾਰਗੁਜ਼ਾਰੀ ਵਿਖਾਈ। 2018 ਵਿਚ ਜਕਾਰਤਾ ਦੀਆਂ ਏਸ਼ਿਆਈ ਖੇਡਾਂ 'ਚੋਂ 80.75 ਮੀਟਰ ਦੂਰ ਜੈਵਲਿਨ ਸੁੱਟ ਕੇ ਬਰਾਂਜ਼ ਮੈਡਲ ਜਿੱਤਿਆ। 2019 ਵਿਚ ਦੋਹਾ ਦੀ ਵਿਸ਼ਵ ਅਥਲੈਟਿਕ ਚੈਂਪੀਅਨਸ਼ਿਪ 'ਚ 81.52 ਮੀਟਰ ਅਤੇ ਪਿਸ਼ਾਵਰ ਦੀਆਂ ਕੌਮੀ ਖੇਡਾਂ ਵਿਚ 83.65 ਮੀਟਰ ਨਾਲ ਨਵਾਂ ਮੀਟ ਰਿਕਾਰਡ ਰੱਖਿਆ। ਨੇਪਾਲ ਦੀਆਂ ਸਾਊਥ ਏਸ਼ੀਅਨ ਖੇਡਾਂ 2019 'ਚ 86.29 ਮੀਟਰ ਦੂਰ ਜੈਵਲਿਨ ਸੁੱਟ ਕੇ ਗੋਲਡ ਮੈਡਲ ਜਿੱਤਿਆ। ਨਾਲ ਦੀ ਨਾਲ ਨਦੀਮ ਤੇ ਨੀਰਜ ਦੀ ਦੋਸਤੀ ਵੀ ਵਧਦੀ ਗਈ। ਟੋਕੀਓ ਓਲੰਪਿਕ 2021 ਵਿਚ ਨੀਰਜ ਫਸਟ ਆਇਆ ਤੇ ਨਦੀਮ 84.62 ਮੀਟਰ ਨਾਲ ਪੰਜਵੀਂ ਥਾਂ। 2022 ਦੀ ਵਿਸ਼ਵ ਚੈਂਪੀਅਨਸ਼ਿਪ ਤੋਂ ਪਹਿਲਾਂ ਨਦੀਮ ਦੱਖਣੀ ਅਫਰੀਕਾ ਵਿਚ ਵਿਸ਼ਵ ਦੇ ਮੰਨੇ ਪ੍ਰਮੰਨੇ ਕੋਚ ਟੀ. ਲਿਬਨਬਰਗ ਦੀ ਨਿਗਰਾਨੀ ਹੇਠ ਕੋਚਿੰਗ ਲੈਣ ਦੱਖਣੀ ਅਫਰੀਕਾ ਗਿਆ। ਵਿਸ਼ਵ ਚੈਂਪੀਅਨਸ਼ਿਪ ਵਿੱਚ ਉਹ 86.16 ਮੀਟਰ ਜੈਵਲਿਨ ਸੁੱਟ ਕੇ ਪੰਜਵੇਂ ਥਾਂ ਰਿਹਾ। 2022 ਦੀਆਂ ਕਾਮਨਵੈਲਥ ਖੇਡਾਂ ਵਿਚ 90.18 ਮੀਟਰ ਦੀ ਸੁੱਟ ਨਾਲ ਦੁਨੀਆ ਦੰਗ ਕਰ ਦਿੱਤੀ! ਉਥੇ ਨਾ ਸਿਰਫ਼ ਗੋਲਡ ਮੈਡਲ ਜਿੱਤਿਆ ਬਲਕਿ ਪੈਰਿਸ ਓਲੰਪਿਕ ਜਿੱਤਣ ਵਾਲਾ ਸਭ ਤੋਂ ਤਕੜਾ ਉਮੀਦਵਾਰ ਬਣ ਗਿਆ। ਨਵੰਬਰ 2022 ਵਿਚ ਲਾਹੌਰ ਦੀ ਨੈਸ਼ਨਲ ਮੀਟ 'ਚ ਉਹਦੀ ਕੂਹਣੀ ਖਿੱਚੀ ਗਈ ਤੇ ਗੋਡਾ ਉਤਰ ਗਿਆ। ਉਸ ਨੂੰ ਯੂ.ਕੇ. ਕੈਂਬਰਿਜ ਲੀ ਹਸਪਤਾਲ ਵਿਚ ਦਾਖਲ ਕਰਾਉਣਾ ਪਿਆ। 2023 ਵਿਚ ਗੋਡਾ ਫਿਰ ਜਰਕ ਖਾ ਗਿਆ। ਠੀਕ ਹੋਇਆ ਤਾਂ 2023 ਦੀ ਵਿਸ਼ਵ ਚੈਂਪੀਅਨਸ਼ਿਪ 'ਚੋਂ 87.82 ਮੀਟਰ ਦੀ ਸੁੱਟ ਨਾਲ ਸਿਲਵਰ ਮੈਡਲ ਜਿੱਤ ਗਿਆ ਤੇ ਪੈਰਿਸ ਓਲੰਪਿਕ ਲਈ ਕੁਆਲੀਫਾਈ ਕਰ ਗਿਆ। ਪਰ 2024 ਦੀ ਪੈਰਿਸ ਡਾਇਮੰਡ ਲੀਗ 'ਚ ਉਹ ਕੇਵਲ 84.21 ਮੀਟਰ ਨਾਲ ਪੰਜਵਾਂ ਸਥਾਨ ਹੀ ਹਾਸਲ ਕਰ ਸਕਿਆ। ਪੈਰਿਸ ਓਲੰਪਿਕ 2024 ਵਿਚ ਨਦੀਮ ਨੇ ਆਪਣੀ ਦੂਜੀ ਸੁੱਟ 92.97 ਮੀਟਰ ਸੁੱਟੀ ਤਾਂ ਦਰਸ਼ਕ ਦੰਗ ਹੋ ਗਏ। ਨਦੀਮ ਨੇ ਖੁਸ਼ੀ 'ਚ ਬਾਹਵਾਂ ਉਪਰ ਚੁੱਕੀਆਂ। ਫਿਰ ਦੋਹਾਂ ਹੱਥਾਂ ਨਾਲ ਮੂੰਹ ਢਕ ਲਿਆ। ਗੋਡਿਆਂ ਭਾਰ ਹੋ ਕੇ ਅੱਲਾ ਦਾ ਸ਼ੁਕਰਾਨਾ ਕੀਤਾ। ਇਸ ਸੁੱਟ ਨਾਲ ਉਸ ਨੇ ਬੀਜਿੰਗ ਓਲੰਪਿਕ 2008 'ਚ ਰੱਖਿਆ ਨਾਰਵੇ ਦੇ ਐਂਡਰੀਜ਼ ਦੀ 90.57 ਮੀਟਰ ਸੁੱਟ ਦਾ ਓਲੰਪਿਕ ਰਿਕਾਰਡ ਤੋੜ ਦਿੱਤਾ। ਨੀਰਜ ਚੋਪੜਾ ਆਪਣੇ ਕੈਰੀਅਰ ਦੀ ਬਿਹਤਰੀਨ ਸੁੱਟ 89.45 ਮੀਟਰ ਨਾਲ ਦੂਜੇ ਥਾਂ ਰਿਹਾ। ਤਿੰਨ ਹੋਰ ਸੁਟਾਵੇ ਵੀ ਨੀਰਜ ਦੀ ਟੋਕੀਓ ਵਾਲੀ ਸੁੱਟ ਤੋਂ ਅੱਗੇ ਨਿਕਲ ਗਏ। ਨਦੀਮ ਪਾਕਿਸਤਾਨੀ ਝੰਡਾ ਮੋਢਿਆਂ 'ਤੇ ਤਾਣ ਕੇ ਆਪਣੇ ਕੋਚ ਲਿਬਨਬਰਗ ਤੇ ਸਲਮਾਨ ਇਕਬਾਲ ਬੱਟ ਕੋਲ ਗਿਆ ਜਿਥੇ ਸ਼ੁਕਰਾਨੇ ਵਿਚ ਉਸ ਦੇ ਹੰਝੂ ਵਹਿ ਤੁਰੇ। ਕੋਚਾਂ ਨੇ ਦਿਲਾਸਾ ਦਿੱਤਾ ਤੇ ਮੁਬਾਰਕਾਂ ਵੀ ਦਿੱਤੀਆਂ। ਨਦੀਮ ਨੇ ਸਟੇਡੀਅਮ ਦੀ ਜੇਤੂ ਗੇੜੀ ਲਾਈ। ਇਕ ਥਾਂ ਪੱਗਾਂ ਵਾਲੇ ਸਰਦਾਰ ਖੜ੍ਹੇ ਸਨ ਜਿਨ੍ਹਾਂ ਕੋਲ ਉਹ ਆਪਣੇ ਪੰਜਾਬੀ ਭਰਾ ਸਮਝ ਕੇ ਉਚੇਚਾ ਰੁਕਿਆ। ਪੱਗ ਦਾੜ੍ਹੀ ਪੰਜਾਬੀ ਹੋਣ ਦੀ ਵਿਸ਼ੇਸ਼ ਪਛਾਣ ਹੈ। ਇਹ ਸਭ ਕੁਝ ਕਰੋੜਾਂ ਲੋਕਾਂ ਨੇ ਟੀਵੀ ਤੋਂ ਵੇਖਿਆ। ਓਲੰਪਿਕ ਚੈਂਪੀਅਨ ਬਣਨ ਤੋਂ ਪਹਿਲਾਂ ਉਹਨਾਂ ਦਾ ਪੇਂਡੂ ਘਰ ਤਿੰਨ ਕਮਰਿਆਂ ਦਾ ਸੀ। ਬਿਨਾਂ ਸੀਮੇਂਟ ਟੀਪ ਦੇ ਕੰਧਾਂ ਤੇ ਕੱਚਾ ਵਿਹੜਾ। ਪਰਿਵਾਰ ਦੀ ਕੁਲ ਜਾਇਦਾਦ ਪਾਕਿਸਤਾਨ ਦੇ 80 ਕੁ ਲੱਖ ਰੁਪਈਆਂ ਦੀ ਹੋਵੇਗੀ। ਓਲੰਪਿਕ ਚੈਂਪੀਅਨ ਬਣਨ ਨਾਲ 80 ਲੱਖ ਦੀ ਜਾਇਦਾਦ ਤੋਂ ਹੁਣ ਕਰੋੜਾਂ ਦੀ ਹੋ ਗਈ ਹੈ। ਅਜੇ ਕਿਹੜਾ ਬੱਸ ਹੈ? ਓਲੰਪਿਕ ਖੇਡਾਂ ਦੇ ਗੋਲਡ ਮੈਡਲ ਨੇ ਗੋਲਡ ਹੀ ਗੋਲਡ ਕਰ ਦਿੱਤਾ ਹੈ। ਪਹਿਲਾਂ ਪਹਿਲ ਪਾਕਿਸਤਾਨ ਦੀਆਂ ਸਰਕਾਰਾਂ ਨੇ ਨਦੀਮ ਨੂੰ ਕ੍ਰਿਕਟ ਤੇ ਹਾਕੀ ਦੇ ਖਿਡਾਰੀਆਂ ਵਾਂਗ ਖ਼ਾਸ ਸਹੂਲਤਾਂ ਨਹੀਂ ਸਨ ਦਿੱਤੀਆਂ।

ਉਸ ਨੇ ਕਿਸੇ ਅਥਲੈਟਿਕ ਮੀਟ 'ਤੇ ਜਾਣਾ ਤਾਂ ਰਿਸ਼ਤੇਦਾਰ ਤੇ ਮੀਆਂ ਚੰਨੂੰ ਦੇ ਗਰਾਈਂ ਉਹਦੇ ਕਿਰਾਏ ਭਾੜੇ ਦਾ ਪ੍ਰਬੰਧ ਕਰਦੇ। ਪਹਿਲਵਾਨ ਨੂੰ ਖੁਰਾਕ ਦੇਣ ਵਾਂਗ ਖੁਰਾਕ ਇਕੱਠੀ ਕਰ ਕੇ ਦਿੰਦੇ ਪਈ ਕਦੇ ਉਹ ਵੀ ਮੀਆਂ ਚੰਨੂੰ ਦਾ ਨਾਂ ਕੱਢੇਗਾ। ਵੇਖ ਲਓ ਹੁਣ ਮੀਆਂ ਚੰਨੂੰ ਮੀਆਂ ਚੰਨੂੰ ਹੋਈ ਪਈ ਐ!

ਰੁੱਖਾਂ ਦੀਆਂ ਟਾਹਣੀਆਂ ਦੇ ਜੈਵਲਿਨ ਬਣਾ ਕੇ ਪ੍ਰੈਕਟਿਸ ਕਰਨ ਵਾਲੇ ਨਦੀਮ ਨੂੰ 'ਵਰਲਡ ਅਥਲੈਟਿਕਸ' ਨੇ ਹੌਂਸਲਾ ਅਫ਼ਜ਼ਾਈ ਵਜੋਂ 50000 ਡਾਲਰਾਂ ਦਾ ਸ਼ਗਨ ਪਾਇਆ ਸੀ। ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ਼ ਨੇ 5 ਲੱਖ ਅਮਰੀਕਨ ਡਾਲਰਾਂ ਨਾਲ ਮਾਣ ਸਨਮਾਨ ਕੀਤਾ ਤੇ ਪੰਜਾਬ ਦੀ ਮੁੱਖ ਮੰਤਰੀ ਮਰੀਅਮ ਨਵਾਜ਼ ਨੇ 3 ਲੱਖ 50 ਹਜ਼ਾਰ ਡਾਲਰਾਂ ਦੀ ਥੈਲੀ ਭੇਟ ਕੀਤੀ। ਕਾਰਾਂ ਦੀਆਂ ਕੰਪਨੀਆਂ ਨੇ ਕਰੋੜੀ ਕਾਰਾਂ ਤੋਹਫ਼ੇ ਵਜੋਂ ਦਿੱਤੀਆਂ। ਉਨ੍ਹਾਂ ਕਾਰਾਂ ਦੇ ਪਲੇਟ ਨੰਬਰ ਵੀ ਉਹਦੇ ਓਲੰਪਿਕ ਰਿਕਾਰਡ 92.97 ਮੀਟਰ ਮੁਤਾਬਿਕ 92.97 ਲਾਏ।

ਖ਼ਬਰਾਂ ਹਨ ਕਿ ਅਰਸ਼ਦ ਦੇ ਇਨਾਮ ਮਿਲੀਅਨ ਤੋਂ ਵੱਧ ਡਾਲਰਾਂ ਤੱਕ ਪਹੁੰਚ ਗਏ ਨੇ। ਕਰੋੜਾਂ ਦੀਆਂ ਮਹਿੰਗੀਆਂ ਕਾਰਾਂ ਝੂੰਗੇ 'ਚ ਮਿਲਣ ਲੱਗੀਆਂ ਹਨ। ਅਮੀਰ ਵਜ਼ੀਰ, ਮੰਤਰੀ ਸੰਤਰੀ ਤੇ ਅਰਬ ਦੇਸ਼ਾਂ ਦੇ ਸੇਖ਼ ਉਸ ਨੂੰ ਜੱਫੀਆਂ ਪਾ ਪਾ ਮਿਲਦੇ ਹਨ। ਫਿਲਮੀ ਹੀਰੋਇਨਾਂ ਉਹਦੇ ਨਾਲ ਫੋਟੋ ਖਿਚਵਾ ਕੇ ਖ਼ੁਸ਼ ਹੁੰਦੀਆਂ ਹਨ। ਕਾਰਪੋਰੇਟ ਜਗਤ ਉਹਦੀ ਮਸ਼ਹੂਰੀ ਦਾ ਲਾਹਾ ਲੈਣ ਲੱਗ ਪਿਐ। ਮਾਲ ਵੇਚਣ ਵਾਲੇ ਉਹਦੇ ਨਾਂ ਨਾਲ ਸੌਦਾ ਵੇਚਣ ਨੂੰ ਕਾਹਲੇ ਹਨ। ਨਦੀਮ ਦੀਆਂ ਕਾਰਾਂ ਲਈ ਉਮਰ ਭਰ ਦਾ ਤੇਲ ਮੁਫ਼ਤ, ਪਾਰਕਿੰਗ ਮੁਫ਼ਤ ਤੇ ਗੋਲਡ ਕਰਾਊਨ ਵੱਖਰੇ। ਰੱਬ ਜਦੋਂ ਦਿੰਦਾ ਹੈ ਤਾਂ ਛੱਪਰ ਪਾੜ ਕੇ ਦਿੰਦਾ ਹੈ!

ਅਰਸ਼ਦ ਨਦੀਮ ਵਿਆਹਿਆ ਵਰਿਆ ਹੈ। ਨਦੀਮ ਦੇ ਸਹੁਰਾ ਸਾਹਿਬ ਜ਼ਿੰਮੀਦਾਰ ਹਨ। ਦਾਮਾਦ ਦੇ ਗੋਲਡ ਮੈਡਲ ਜਿੱਤਣ 'ਤੇ ਉਹ ਜੁਆਈ ਨੂੰ ਚੋਖਾ ਦੁੱਧ ਦੇਣ ਵਾਲੀ ਮੱਝ ਦੇਣ ਆਏ। ਖਿਡਾਰੀ ਲਈ ਇਹ ਸਭ ਤੋਂ ਵੱਡਾ ਤੋਹਫ਼ਾ ਸੀ। ਇਕ ਟੀਵੀ ਸ਼ੋਅ ਦਾ ਐਂਕਰ ਨਦੀਮ ਨੂੰ ਕਹਿਣ ਲੱਗਾ: ਮੈ ਤਾਂ ਸੋਚਦਾ ਸੀ, ਤੁਹਾਡੇ ਸਹੁਰਾ ਸਾਹਿਬ ਤੁਹਾਨੂੰ ਜ਼ਮੀਨ ਦੇਣਗੇ ਪਰ ਦਿੱਤੀ ਕਾਲੀ ਕਲੋਟੀ ਮੱਝ! ਉਸ ਐਂਕਰ ਨੂੰ ਕੀ ਪਤਾ ਕਿ ਮੱਝ ਹੀ ਸਭ ਤੋਂ ਵੱਡਾ ਤੋਹਫ਼ਾ ਸੀ ਜੀਹਦਾ ਦੁੱਧ ਘਿਓ ਪੀ ਖਾ ਕੇ ਉਹ ਓਲੰਪਿਕ ਖੇਡਾਂ ਦੇ ਗੋਲਡ ਮੈਡਲ ਤੱਕ ਪੁੱਜਾ ਸੀ। ਮੱਝਾਂ ਦਾ ਪੰਜਾਬੀ ਸਭਿਆਚਾਰ ਵਿਚ ਵਿਸ਼ੇਸ਼ ਸਥਾਨ ਹੈ ਜਿਵੇਂ ਅਰਬ ਮੁਲਕਾਂ ਵਿਚ ਊਠ ਊਠਣੀਆਂ ਦਾ ਹੈ। ਮੱਝਾਂ ਪੰਜਾਬੀਆਂ ਦਾ ਕਾਲਾ ਸੋਨਾ ਸਮਝੀਆਂ ਜਾਂਦੀਆਂ ਹਨ ਜਿਨ੍ਹਾਂ ਨਾਲ ਦੁੱਧ ਘਿਓ ਦੀਆਂ ਲਹਿਰਾਂ ਲੱਗੀਆਂ ਰਹਿੰਦੀਆਂ ਹਨ। ਪਾਕਿਸਤਾਨ ਵਿਚ ਦੁੱਧ ਦੀ ਕੁਲ ਖਪਤ ਵਿਚ 72 ਫ਼ੀਸਦੀ ਮੱਝਾਂ ਦਾ ਦੁੱਧ ਹੀ ਵਰਤਿਆ ਜਾਂਦਾ ਹੈ। ਦੁੱਧ ਨਾਲ ਕੱਟੇ ਕੱਟੀਆਂ ਦੀ ਵੀ ਮੌਜ ਲੱਗੀ ਰਹਿੰਦੀ ਹੈ ਜਿਸ ਕਰਕੇ ਕਿਸਾਨ ਮਜ਼ਦੂਰ ਮੱਝ ਨੂੰ ਹੀ ਆਪਣਾ ਬੈਂਕ ਸਮਝਦੇ ਹਨ।

ਕਿਸੇ ਦੀ ਮੱਝ ਮਰ ਜਾਵੇ ਤਾਂ ਦੋਸਤ ਮਿੱਤਰ ਤੇ ਰਿਸ਼ਤੇਦਾਰ ਘਰ ਦੇ ਕਮਾਊ ਜੀਅ ਮਰਨ ਵਾਂਗ ਹੀ ਅਫਸੋਸ ਕਰਨ ਆਉਂਦੇ ਹਨ। ਨਦੀਮ ਦੇ ਸਹੁਰਾ ਸਾਹਿਬ ਨੇ ਸ਼ਾਇਦ ਇਹ ਸੋਚ ਕੇ ਵੀ ਮੱਝ ਦਿੱਤੀ ਹੋਵੇਗੀ ਕਿ ਉਹਨਾਂ ਦਾ ਜੁਆਈ ਅਗਲੀਆਂ ਓਲੰਪਿਕ ਖੇਡਾਂ ਤੱਕ ਨਿੱਠ ਕੇ ਪ੍ਰੈਕਟਿਸ ਕਰਦਾ ਰਵ੍ਹੇ। ਲਾਸ ਏਂਜਲਸ ਦੀਆਂ ਓਲੰਪਿਕ ਖੇਡਾਂ ਵਿਚੋਂ ਵੀ ਗੋਲਡ ਮੈਡਲ ਜਿੱਤੇ। ਹਰਿਆਣੇ ਦੇ ਨੀਰਜ ਦਾ ਸਹੁਰਾ ਅਜੇ ਕੋਈ ਨਹੀਂ। ਵੇਖਦੇ ਹਾਂ ਕੌਣ ਬਣਦਾ ਤੇ ਦਾਜ ਵਿਚ ਮੱਝ ਦਿੰਦਾ ਜਾਂ ਨਹੀਂ? ਮੈਂ ਲਿਖਿਆ ਸੀ, ਵਾਹ ਨਦੀਮ! ਬੱਲੇ ਨੀਰਜ! ਧੰਨ ਨੇ ਤੁਹਾਡੀਆਂ ਮਾਵਾਂ! ਭਾਰਤ-ਪਾਕਿ ਦੇ ਆਮ ਲੋਕਾਂ ਦੀ ਦੁਆ ਹੈ ਕਿ ਭਾਰਤ-ਪਾਕਿ ਵਿਚਕਾਰ ਨਦੀਮ-ਨੀਰਜ ਵਾਂਗ ਦੋਸਤਾਨਾ ਸੰਬੰਧ ਬਣੇ ਰਹਿਣ ਤੇ ਭਰਾਤਰੀ ਮੁਲਕਾਂ ਦੀਆਂ ਮਾਵਾਂ ਦੋਹੀਂ ਪਾਸੀਂ ਅਸ਼ੀਰਵਾਦਾਂ ਤੇ ਸ਼ੁਭ ਦੁਆਵਾਂ ਦਿੰਦੀਆਂ ਰਹਿਣ!

principalsarwansingh@gmail.com














